Digitized by Arya Samaj Foundation Chennai and eGangotri



* ਮਹਿਕਮਾ ਪੰਜਾਬੀ ਬਾਰੇ *

ਕੁਝ ਕੁ ਵਾਕਫ਼ੀ

ਮਹਿਕਮਾ ਪੰਜਾਬੀ ਪਹਿਲਾਂ 'ਪੰਜਾਬੀ ਸੈਕਸ਼ਨ' ਦੇ ਨਾਮ ਨਾਲ ਪਟਿਆਲਾ ਸਰਕਾਰ ਦੇ ਮਹਿਕਮਾ ਤਾਲੀਮ ਦੇ ਅਧੀਨ ਜਨਵਰੀ ੧੯੪੯ ਨੂੰ ਕਾਇਮ ਹੋਇਆ ਸੀ। ਜੂਨ ੧੯੪੯ ਵਿਚ ਇਸ ਨੂੰ ਮਹਿਕਮਾ ਤਾਲੀਮ ਨਾਲੋਂ ਵੱਖਰਾ ਕਰ ਕੇ "ਮਹਿਕਮਾ ਪੰਜਾਬੀ" ਨਾਮ ਦਿੱਤਾ ਗਿਆ।

ਇਸ ਮਹਿਕਮੇ ਦਾ ਮੰਤੱਰਬ ਪੰਜਾਬੀ ਨੂੰ ਦਫ਼ਤਰੀ, ਅਦਾਲਤੀ ਤੇ ਤਾਲੀਮ ਜ਼ਰੀਆ ਬਣਾਉਣ ਲਈ ਜਤਨ ਕਰਨਾ, ਸ਼ਬਦ-ਜੋੜਾਂ ਨੂੰ ਇਕਸਾਰ ਕਰ ਕੇ ਟਕਸਾਲੀ ਬਣਾਉਣਾ, ਪੁਰਾਣੇ ਸਾਹਿਤ ਤੇ ਹੱਥ-ਲਿਖਤਾਂ ਬਾਰੇ ਖੋਜ ਕਰਨਾ, ਸੰਸਾਰ ਦੀਆਂ ਚੋਣਵੀਆਂ ਰਚਨਾਵਾਂ ਨੂੰ ਉਲਥਾਉਣਾ, ਨਵੇਂ ਪੰਜਾਬੀ ਸਾਹਿਤ ਦੀ ਉਨਤੀ ਲਈ ਜਤਨ ਕਰਨਾ, ਸਾਹਿਤਕਾਰਾਂ ਨੂੰ ਉਤਸ਼ਾਹਤ ਕਰਨਾ ਅਤੇ ਆਮ ਜਨਤਾ ਦੇ ਮਨਾਂ ਵਿਚ ਮਾਤ-ਭਾਸ਼ਾ ਲਈ ਪਿਆਰ ਤੇ ਮਾਣ ਪੈਦਾ ਕਰਨਾ ਹੈ। ਇਸ ਉਦੇਸ਼ ਦੇ ਪੂਰਾ ਕਰਨ ਲਈ ਇਸ ਮਹਿਕਮੇ ਦਾ ਕੰਮ ਚਾਰ ਭਾਗਾਂ ੧. ਕੋਸ਼ਕਾਰੀ, ੨. ਉਲਥਾ, ੩. ਪਰਕਾਸ਼ਣ ਤੇ ੪. ਉਨਤੀ ਵਿਚ ਵੰਡਿਆ ਹੋਇਆ ਹੈ। ਹੁਣ ਤੱਕ ਮਹਿਕਮੇ ਵਲੋਂ ਪੰਜਾਬੀ ਦੀ ਸੇਵਾ ਲਈ ਜੋ ਜਤਨ ਕੀਤਾ ਗਿਆ ਹੈ, ਉਸ ਦਾ ਸਾਰ ਇਸ ਪਰਕਾਰ ਹੈ।

ਲਾਕ ਸਮਾਰੋਹ ੧੯੮੪–੧੯੮੫

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(੧) ਕੋਸ਼ਕਾਰੀ ਭਾਗ.—ਇਸ ਭਾਗ ਦਾ ਕੰਮ ਪੰਜਾਬੀ ਤੋਂ ਪੰਜਾਬੀ, ਹਿੰਦੀ ਤੋਂ ਪੰਜਾਬੀ, ਪੰਜਾਬੀ ਤੋਂ ਹਿੰਦੀ, ਅੰਗਰੇਜ਼ੀ ਤੋਂ ਪੰਜਾਬੀ, ਉਰਦੂ ਤੋਂ ਪੰਜਾਬੀ, ਫਾਰਸੀ ਤੋਂ ਪੰਜਾਬੀ, ਸੰਸਕ੍ਰਿਤ ਤੋਂ ਪੰਜਾਬੀ ਆਦਿ ਕੋਸ਼ ਤਿਆਰ ਕਰਨਾ ਹੈ। ਪੰਜਾਬੀ ਕੋਸ਼ ਦੀ ਵਡੀ ਲੜ ਨੂੰ ਪੂਰਿਆਂ ਕਰਨ ਲਈ ਪਹਿਲੇ ਪੰਜਾਬੀ ਤੋਂ ਪੰਜਾਬੀ ਕੋਸ਼ ਦਾ ਕੰਮ ਅਰੰਭਿਆ ਗਿਆ ਹੈ। ਇਸ ਵਿਚ ਹੁਣ ਤਕ ਕੁਲ ੫੦੦੦੦ ਦੇ ਲਗ ਭਗ ਸ਼ਬਦ ਇਕੱਠੇ ਕੀਤੇ ਜਾ ਚੁਕੇ ਹਨ। ਪੰਝੀ ਤੀਹ ਹਜ਼ਾਰ ਹੋਰ ਸ਼ਬਦਾਂ ਦੇ ਸ਼ਾਮਲ ਹੋਣ ਦੀ ਆਸ ਹੈ। ਸ਼ਬਦਾਂ ਦੇ ਅਰਥ ਦਿੰਦਿਆਂ ਉਨ੍ਹਾਂ ਦੀ ਨਿਰੁਕਤੀ, ਵਿਕਾਸ ਤੇ ਉਚਾਰਣ ਆਦਿ ਦਾ ਵੇਰਵਾ ਨਾਲ ਨਾਲ ਦਿੱਤਾ ਜਾ ਰਿਹਾ ਹੈ। ਪੰਜਾਬੀ ਵਰਣ-ਮਾਲਾ ਦੀ ਪਹਿਲੀ ਪੰਗਤੀ ਦੇ ਅੱਖਰਾਂ ਦੇ ਸ਼ਬਦਾਂ ਦਾ ਕੰਮ ਮੁਕੰਮਲ ਹੋ ਚੁਕਾ ਹੈ।

ਹਿੰਦੀ ਪੰਜਾਬੀ ਕੋਸ਼ ਦਾ ੫੦,੦੦੦ ਸ਼ਬਦਾਂ ਦਾ ਖਰੜਾ ਤਿਆਰ ਹੋ ਚੁੱਕਾ ਹੈ, ਇਸ ਵਿਚ ਹਿੰਦੀ ਸ਼ਬਦਾਂ ਦੇ ਪੰਜਾਬੀ ਵਿਚ ਅਰਥ ਦਿੱਤੇ ਗਏ ਹਨ।

(੨) ਉਲਥਾ-ਭਾਗ:—ਸਰਕਾਰੀ ਦਫਤਰਾਂ ਵਿਚ ਪੰਜਾਬੀ ਬੋਲੀ ਨੂੰ ਚਾਲੂ ਕਰਨ ਲਈ ਮਹਿਕਮਿਆਂ ਦੀ ਮੰਗ ਅਨੁਸਾਰ ਹੁਣ ਤਕ ੧੫੦੦ ਪੰਨਿਆਂ ਅਤੇ ੭੦੦ ਦੇ ਲਗ-ਭਗ ਵੱਖੋ ਵਖ ਮਹਿਕਮਿਆਂ ਵਿਚ ਵਰਤੇ ਜਾ ਰਹੇ ਫਾਰਮਾਂ ਦਾ ਉਲਥਾ ਕਰ ਕੇ ਭੇਜਿਆ ਗਿਆ ਹੈ। ਇਸ ਤੋਂ ਇਲਾਵਾ ਅੱਡ ਅੱਡ ਮਹਿਕਮਿਆਂ ਦੀ ਲੋੜ ਅਨੁਸਾਰ ੪੦੦੦ ਪੰਜਾਬੀ ਸੰਕੇਤ ਬਣਾ ਕੇ ਭੇਜੇ ਜਾ ਚੁੱਕੇ ਹਨ। ਪਾਟਿਆਲਾ ਯੂਨੀਅਨ ਵਿਚ ਪੰਜਾਬੀ ਜ਼ਰੀਆ ਤਾਲੀਮ ਬਣ ਜਾਣ ਕਾਰਣ ਸਮੂਹ ਮਜ਼ਮੂਨਾਂ ਦੀਆਂ ਸੰਕੇਤਾਵਲੀਆਂ ਦੀ ਲੋੜ ਅਨੁਭਵ ਕੀਤੀ ਜਾ ਰਹੀ ਸੀ।

ਇਹ ਲੋੜ ਪੂਰੀ ਕਰਨ ਲਈ ਦਸਵੀਂ ਜੁਮਾਤ ਤੱਕ ਦੇ ਸਾਰੇ ਮਜ਼ਮੂਨਾਂ ਦੇ ੧੨,੦੦੦ ਪੰਜਾਬੀ ਸੰਕੇਤ ਤਿਆਰ ਕੀਤੇ ਜਾ ਚੁੱਕੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
"ਭਾਰਤੀ ਸੰਵਿਧਾਨ" ਦਾ ਪੰਜਾਬੀ ਉਲਥਾ ਤਿਆਰ ਹੋ ਚੁੱਕਾ ਹੈ ਤੇ ਭਾਰਤ ਸਰਕਾਰ ਵਲੋਂ ਨੀਅਤ ਮਾਹਰ ਕਮੇਟੀ ਨੇ ਇਸ ਨੂੰ ਪ੍ਰਵਾਨ ਕਰ ਲਿਆ ਹੈ। ਇਹ ਛੇਤੀ ਹੀ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।

ਇਸ ਤੋਂ ਬਿਨਾਂ ਚੋਣਵੀਆਂ ਅੰਗਰੇਜ਼ੀ ਰਚਨਾਵਾਂ ਨੂੰ ਪੰਜਾਬ ਵਿਚ ਉਲਥਾਇਆ ਜਾ ਰਿਹਾ ਹੈ।

ਸਮੂਹ ਕਰਮਚਾਰੀਆਂ ਨੂੰ ਪੰਜਾਬੀ ਵਿਚ ਕੰਮ ਚਲਾਉਣ ਜੋਗ ਬਣਾਉਣ ਲਈ ਪਹਿਲਾਂ ੩੫ ਕੇਂਦਰਾਂ ਵਿਚ ਡੇਢ ਮਹੀਨਾ ਪੰਜਾਬੀ ਸਿਖਿਆ ਦੇਣ ਲਈ ਸ਼ਰੇਣੀਆਂ ਜਾਰੀ ਕੀਤੀਆਂ ਗਈਆਂ ਸਨ। ਸਿਖਿਆ ਪਿਛੋਂ ਪਟਿਆਲਾ ਯੂਨੀਅਨ ਦੀਆਂ ਸਾਰੀਆਂ ਤਸੀਲਾਂ ਨੂੰ ਕੇਂਦਰ ਨੀਅਤ ਕਰਕੇ ਦੋ ਵੇਰ ਪੰਜਾਬੀ ਪ੍ਰੀਖਿਆ ਲਈ ਗਈ ਹੈ। ਇਨ੍ਹਾਂ ਵਿਚ ੧੪,੫੦੧ ਕਰਮਚਾਰੀ ਬੈਠੇ, ਜਿਨ੍ਹਾਂ ਵਿੱਚੋਂ ੧੦੩੬੮ ਕਰਮਚਾਰੀ ਪਾਸ ਹੋਏ। ਇਸੇ ਤਰ੍ਹਾਂ ਸਮੂਹ ਕਰਮਚਾਰੀਆਂ ਦੀ ਹਿੰਦੀ ਪ੍ਰੀਖਿਆ ਦਾ ਵੀ ਛੇਤੀ ਪ੍ਰਬੰਧ ਕੀਤਾ ਜਾ ਰਿਹਾ ਹੈ।

(੩) ਪ੍ਰਕਾਸ਼ਣ ਭਾਗ:—ਇਸ ਭਾਗ ਨੇ ਮਹਿਕਮੇ ਦੇ ਸਾਹਿੱਤਕ ਮਾਸਕ-ਪੱਤਰ 'ਪੰਜਾਬੀ ਦੁਨੀਆਂ' ਦੇ ੧੨ ਅੰਕ ਪ੍ਰਕਾਸ਼ਤ ਕਰਨ ਤੋਂ ਇਲਾਵਾ "ਪੰਜਾਬੀ ਲਈ ਹੰਭਲਾ, ਪੰਜਾਬੀ ਸ਼ਬਦ-ਜੋੜ 'ਪੰਜਾਬੀ ਬੋਲੀ, 'ਰਤਨ ਮਾਲਾ' ਅਤੇ ਬਜਟ ਨਾਲ ਸਬੰਧਤ ਨੌ ਪੋਥੀਆਂ ਆਦਿ ਰਚਨਾਵਾਂ ਪਰਕਾਸ਼ਤ ਕੀਤੀਆਂ ਹਨ। ਇਸ ਤੋਂ ਬਿਨਾਂ ਭਾਰਤ ਸੰਵਿਧਾਨ, ਮੈਟਰੀਕੁਲੇਸ਼ਨ ਸੰਕੇਤਾਵਲੀ, 'ਪੰਜਾਬੀ ਸ਼ਬਦਾਵਲੀ', 'ਪੰਜਾਬੀ ਪੱਤਰ ਕਲਾ,' 'ਫਤਹ ਨਾਮਾ ਗੁਰੂ ਖਾਲਸਾ ਜੀ ਕਾ', ਅਤੇ ਗੁਰ ਸ਼ਬਦ ਰਤਨਾਕਰ (ਮਹਾਨ ਕੋਸ਼) ਦਾ ਸਸਤਾ ਐਡੀਸ਼ਨ ਛਾਪਿਆ ਜਾ ਰਿਹਾ ਹੈ।

(੪) ਉੱਨਤੀ ਭਾਗ:—ਇਸ ਭਾਗ ਦਾ ਮੰਤਵ ਪੰਜਾਬੀ ਬੋਲੀ ਤੇ ਸਾਹਿਤ ਨੂੰ ਹਰ ਪਹਿਲੂ ਤੋਂ ਪਰਫੁੱਲਤ ਕਰਨਾ ਹੈ। ਇਹ ਮਨੋਰਥ ਪੂਰਾ ਕਰਨ ਲਈ ਮਹਿਕਮੇ ਵਲੋਂ 'ਪੰਜਾਬੀ ਦੁਨੀਆਂ' ਨਾਮੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਾਹਿੱਤਕ ਪੜਚਲ ਦਾ ਮਾਹਵਾਰੀ ਰਸਾਲਾ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਰਸਾਲੇ ਨੇ ਥੋੜੇ ਸਮੇਂ ਅੰਦਰ ਹੀ ਸਾਹਿਤਕ ਪੜਚੋਲ ਦੀ ਇਕ ਨਵੀਂ ਲੀਹ ਚਲਾ ਦਿੱਤੀ ਹੈ। ਇਸ ਮਹੀਨੇ ਪੰਜਾਬੀ ਦੇ ਪ੍ਰਸਿਧ ਕਵੀ ਦਮੋਦਰ ਦੇ ਜੀਵਨ ਤੇ ਕਵਿਤਾ ਸਬੰਧੀ ਇਸ ਦਾ ਇਕ ਵਿਸ਼ੇਸ਼ ਅੰਕ ਕੱਢਿਆ ਜਾ ਰਿਹਾ ਹੈ।

ਪੰਜਾਬੀ ਸ਼ਬਦ-ਜੋੜਾਂ ਵਿੱਚ ਇਕਸਾਰਤਾ ਲਿਆਉਣ ਲਈ ਇਕ ਨੇਮਾਵਲੀ ਤਿਆਰ ਕੀਤੀ ਗਈ ਹੈ, ਜੋ ਵੀਚਾਰ ਲਈ ਲਿਖਾਰੀ-ਸਭਾ ਦੇ ਸਾਹਮਣੇ ਪੇਸ਼ ਕੀਤੀ ਜਾ ਰਹੀ ਹੈ ਤਾਕਿ ਸਮੂਹ ਪੰਜਾਬੀ ਵਿਦਵਾਨ ਇਸ ਬਾਰੇ ਆਪਣੀ ਰਾਏ ਦੇ ਸਕਣ। ਇਸ ਤੋਂ ਪਿਛੋਂ ਇਸ ਨੂੰ ਅੰਤਮ ਰੂਪ ਵਿਚ ਪ੍ਰਕਾਸ਼ਤ ਕੀਤਾ ਜਾਵੇਗਾ।

ਹੁਣ ਤਕ ਛਪੇ ਤੇ ਅਣਛਪੇ ਪੰਜਾਬੀ ਸਾਹਿਤ ਦੀ ਕੋਈ ਪੂਰੀ ਸੂਚੀ ਨਹੀਂ ਮਿਲਦੀ ਇਸ ਕੰਮ ਨੂੰ ਪੂਰਾ ਕਰਨ ਲਈ 'ਪੰਜਾਬੀ ਪੁਸਤਕਾਵਲੀ' ਤਿਆਰ ਕੀਤੀ ਜਾ ਰਹੀ ਹੈ, ਮਸਾਲਾ ਇਕੱਤਰ ਹੋ ਰਿਹਾ ਹੈ।

ਆਮ ਜਨਤਾ ਵਿੱਚ ਮਾਤ-ਭਾਸ਼ਾ ਲਈ ਪਿਆਰ ਪੈਦਾ ਕਰਨ ਵਾਸਤੇ ਤਿੰਨ ਪੰਜਾਬੀ ਫਿਲਮਾਂ "ਅੰਬੀ ਦੇ ਬੂਟੇ ਥੱਲੇ" "ਗਾਉਂਦਾ ਪੰਜਾਬ," ਤੇ "ਗਾਉਂਦੇ ਪੰਜਾਬੀ" ਪਿਛਲੇਰੇ ਸਾਲ ਤਿਆਰ ਕਰਵਾਈਆਂ ਗਈਆਂ ਸਨ, ਜੋ ਕਈ ਕੁ ਥਾਈਂ ਦਿਖਾਈਆਂ ਜਾ ਚੁਕੀਆਂ ਹਨ, ਇਸ ਤੋਂ ਇਲਾਵਾ ਪੰਜਾਬੀ ਮੇਲਿਆਂ, ਪੰਜਾਬੀ ਨਾਟਕਾਂ ਤੇ ਕਵੀ ਦਰਬਾਰਾਂ ਰਾਹੀਂ ਵੀ ਪੰਜਾਬੀ ਬੋਲੀ ਦਾ ਪਰਚਾਰ ਕਰਨ ਦਾ ਜਤਨ ਕੀਤਾ ਜਾਂਦਾ ਰਿਹਾ ਹੈ। ਪਿੰਡਾਂ ਵਿਚ ਆਮ ਜਨਤਾ ਤਕ ਚੰਗਾ ਪੰਜਾਬੀ ਸਾਹਿਤ ਪਹੁੰਚਾਉਣ ਲਈ ਅੱਠ ਪੋਂਡੂ ਲਾਇਬਰੇਰੀਆਂ ਸਥਾਪਤ ਕਰਨ ਦਾ ਪਰਬੰਧ ਹੈ।

ਪਿਛੇ ਜਹੇ ਬੰਬਈ ਵਿਚ ਸਮੂਹ ਪਰਾਂਤਕ ਬੋਲੀਆਂ ਦੇ ਸਾਹਿਤ ਦੀ ਪਰਦਰਸ਼ਨੀ ਕੀਤੀ ਗਈ ਸੀ, ਇਸ ਵਿਚ ਪੰਜਾਬੀ ਸਾਹਿਤ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੁਮਾਇਸ਼ ਦਾ ਮਹਿਕਮੇ ਵਲੋਂ ਪ੍ਰਬੰਧ ਕੀਤਾ ਗਿਆ। ਇਸੇ ਤਰ੍ਹਾਂ ਦੀ ਇਕ ਪਰਦਰਸ਼ਨੀ ਦਿੱਲੀ ਵਿਚ ੧੫ ਤੋਂ ੧੮ ਮਾਰਚ ਤਕ ਹੋ ਰਹੀ ਹੈ।

ਪੰਜਾਬੀ ਟਾਈਪ ਤੇ ਸ਼ਿਖੇਪ-ਲਿਖਤ ਸਿਖਿਆ ਸਿਖਾਉਣ ਲਈ ਮਹਿਕਮੇ ਵਲੋਂ ਇਕ ਸਕੂਲ ਜਾਰੀ ਕੀਤਾ ਗਿਆ ਹੈ, ਜਿਸ ਵਿਚ ਹੁਣ ਤੱਕ ੫੨ ਟਾਈਪ ਸ਼ਰੇਣੀ ਦੇ ਅਤੇ ੪੪ ਸੰਖੇਪ ਲਿਖਤ ਸ਼ਰੇਣੀ ਦੇ ਵਿਦਿਆਰਥੀ ਕੋਰਸ ਪਾਸ ਕਰ ਚੁੱਕੇ ਹਨ।

ਸਾਹਿਤ ਦੀ ਉੱਨਤੀ ਲਈ ਸਾਹਿਤਕਾਰਾਂ ਨੂੰ ਉਤਸ਼ਾਹਤ ਕਰਨਾ ਬਹੁਤ ਜ਼ਰੂਰੀ ਹੈ। ਸਾਹਿਤਕਾਰ ਦੇਸ਼ ਦਾ ਮਾਣ ਹੁੰਦੇ ਹਨ। ਇਸੇ ਖਿਆਲ ਨੂੰ ਮੁਖ ਰਖ ਕੇ ਪਿਛਲੇ ਸਾਲ ਦੇ ਨਾਵਲ, ਨਾਟਕ, ਕਵਿਤਾ, ਇਤਿਹਾਸ, ਵਿਗਿਆਨ, ਸਾਹਿਤਕ ਖੋਜ ਤੇ ਬਾਲ-ਸਾਹਿਤ ਦੀਆਂ ਵਧੀਆ ਪੰਜਾਬੀ ਰਚਨਾਵਾਂ ਦੇ ਕਰਤਿਆਂ ਨੂੰ ਇਨਾਮਾਂ ਦੁਆਰਾ ਸਨਮਾਨਣ ਦਾ ਐਲਾਨ ਕੀਤਾ ਗਿਆ ਸੀ। ਇਸੇ ਤਰ੍ਹਾਂ ਪੰਜਾਬੀ ਦਰਬਾਰ ਦੇ ਸਮਾਗਮ ਰਾਹੀਂ ਪੰਜਾਬੀ ਦੇ ਪਰਸਿੱਧ ਕਵੀ ਲਾਲਾ ਧਨੀ ਰਾਮ ਜੀ "ਚਾਤ੍ਰਿਕ" ਨੂੰ ਉਨ੍ਹਾਂ ਦੇ ਛੇ ਸਮਕਾਲੀ ਮੁਖੀ ਕਵੀਆਂ ਸਹਿਤ ਸਨਮਾਨਿਆ ਗਿਆ ਸੀ।

ਇਸੇ ਲੜੀ ਨੂੰ ਜਾਰੀ ਰਖਦੇ ਹੋਏ ਅਜ ਪੰਜਾਬੀ ਦੇ ਉੱਚ ਕੋਟੀ ਦੇ ਦੋਹਵੇਂ ਸਾਹਿਤਕਾਰਾਂ-ਪ੍ਰਿੰਸਿਪਲ ਤੇਜਾ ਸਿੰਘ ਜੀ, ਸ: ਗੁਰਬਖਸ਼ ਸਿੰਘ ਜੀ, ਪ੍ਰੋ: ਈਸ਼ਵਰ ਚੰਦਰ ਜੀ 'ਨੰਦਾ', ਸ: ਨਾਨਕ ਸਿੰਘ ਜੀ ਤੇ ਸ੍ਰੀ ਦੇਵਿੰਦਰ ਸਤਿਆਰਥੀ ਜੀ ਨੂੰ ਸਨਮਾਨਿਆ ਜਾ ਰਿਹਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਿੰਸੀਪਲ ਤੇਜਾ ਸਿੰਘ

(੧)

ਪ੍ਰਿੰ: ਤੇਜਾ ਸਿੰਘ ਪੰਜਾਬ ਦੇ ਸਭਿਆਚਾਰਕ ਖੇਤਰ ਵਿੱਚ ਇੱਕ ਆਦਰ ਜੋਗ ਨਾਂ ਬਣ ਚੁੱਕਿਆ ਹੈ।

ਇਨ੍ਹਾਂ ਨੂੰ ਪੰਜਾਬ ਦੇ ਸਿੱਖ ਹੀ ਨਹੀਂ ਸਾਰੇ ਪੰਜਾਬੀ ਜਾਣਦੇ ਤੇ ਸਤਕਾਰਦੇ ਹਨ। ਪਿਛਲੇ ਤੀਹਾਂ ਸਾਲਾਂ ਵਿੱਚ ਪੰਜਾਬ ਅੰਦਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤਾਲੀਮ, ਧਰਮ, ਇਤਿਹਾਸਕ, ਪੁਨਰ ਜਾਂ ਸਾਹਿਤ ਨਾਲ ਸੰਬੰਧ ਰੱਖਣ ਵਾਲਾ ਕੋਈ ਪ੍ਰਤਿਨਿਧ ਇਕੱਠ ਅਜੇਹਾ ਨਹੀਂ ਹੋਇਆ ਹੋਣਾ ਜਿਸ ਵਿੱਚ ਪ੍ਰਿੰ: ਤੇਜਾ ਸਿੰਘ ਨੇ ਹਿੱਸਾ ਨਾ ਲਿਆ ਹੋਵੇ ਤੇ ਓਥੇ ਬੋਲ ਕੇ ਆਪਣੇ ਸਰੋਤਿਆਂ ਦੀ ਪਰਸੰਸਾ ਨਾ ਜਿੱਤੀ ਹੋਵੇ। ਅਪਣੇ ਡੂੰਘੇ ਦੇ ਸਭਿਆਚਾਰ ਬਾਰੇ ਉਨ੍ਹਾਂ ਇੰਨਾ ਕੁਝ ਲਿਖਿਆ ਤੇ ਬੋਲਿਆ ਹੈ ਕਿ ਅਨੇਕਾਂ ਹਿੰਦੁਸਤਾਨੀ ਪੰਜਾਬ ਬਾਰੇ ਜੋ ਕੁਝ ਜਾਣਦੇ ਹਨ ਉਹ ਇਨ੍ਹਾਂ ਦੀ ਕਲਮ ਜਾਂ ਆਵਾਜ਼ ਰਾਹੀਂ ਜਾਣਦੇ ਹਨ। ਉਨ੍ਹਾਂ ਪੰਜਾਬ ਦੇ ਸਭਿਆਚਾਰ ਨੂੰ ਇਨ੍ਹਾਂ ਦੀਆਂ ਅੱਖਾਂ ਰਾਹੀਂ ਤੱਕਿਆ ਤੇ ਇਨ੍ਹਾਂ ਦੇ ਦਿਲ ਰਾਹੀਂ ਮਾਣਿਆ ਹੈ। ਇਹ ਕੋਈ ਅੱਤ-ਕਥਨੀ ਨਹੀਂ ਕਿ ਪ੍ਰੋ: ਪੂਰਨ ਸਿੰਘ ਤੋਂ ਪਿੱਛੋਂ ਅਲੋਜ਼ੀ ਜਾਣਨ ਵਾਲੇ ਲੋਕਾਂ ਲਈ ਪ੍ਰਿੰ: ਤੇਜਾ ਸਿੰਘ ਹੀ "ਪੰਜਾਬ ਦੀ ਆਵਾਜ਼" ਬਣੇ ਹਨ। ਆਪਣੇ ਸਭਿਆਚਾਰ ਦੀ ਸੁੰਦਰਤਾ ਤੇ ਅਮੀਰੀ ਨੂੰ ਉਭਾਰ ਕੇ ਦੂਜੀਆਂ ਦੇ ਸਾਹਮਣੇ ਰੱਖਣਾ ਜਣੇ ਖਣੇ ਦਾ ਕੰਮ ਨਹੀਂ। ਅਨਭਵੀ ਤਬੀਅਤ, ਸਰਲ ਸ਼ੈਲੀ ਤੇ ਸਰਬੰਗੀ ਵਿਦਵਤਾ ਦੇ ਨਾਲ ਨਾਲ ਜੋ ਕਿਸੇ ਵਿੱਚ ਅਨੇਕ-ਪੱਖੀ ਹਮਦਰਦੀ, ਡੂੰਘੀ ਪਰਖ-ਨਿਖੇੜ, ਜੀਉਣ ਦਾ ਚਾ ਤੇ ਧਰਤੀ ਦਾ ਪਿਆਰ ਹੋਵੇ ਤਦ ਜਾ ਕੇ ਕੋਈ ਸਾਹਿਆਚਾਰਕ ਵਿਸ਼ਿਆਂ ਤੇ ਪਰਮਾਣੀਕ ਅਗਵਾਈ ਕਰਨ ਦੇ ਜੋਗ ਹੋ ਸਕਦਾ ਹੈ। ਪ੍ਰਿੰਸੀਪਲ ਸਾਹਿਬ ਵਿੱਚ ਇਹ ਸਭ ਗੁਣ ਮੌਜੂਦ ਹਨ ਤੇ ਇਨ੍ਹਾਂ ਦਾ ਸਕਦਾ ਹੀ ਇਹ ਸਾਡੇ ਗੈਰ ਸਰਕਾਰੀ, ਸਭਿਆਚਾਰਕ ਸਫ਼ੀਰ ਦਾ ਕੰਮ ਭੁਗਤਾਉਂਦੇ ਰਹੇ ਹਨ।

ਇਹ ਸੇਵਾ ਆਪਣੇ ਆਪ ਵਿੱਚ ਬਥੇਰੀ ਆਦਰ ਜੋਗ ਹੈ ਪਰ ਜਦੋਂ ਇਸ ਨੂੰ ਇਨ੍ਹਾਂ ਦੀ ਜੀਵਨ-ਕਹਾਣੀ ਦੀ ਪਿਛੋਕੜ ਵਿੱਚ ਰੱਖ ਕੇ ਵੇਖਿਆ ਜਾਵੇ ਤਾਂ ਇਸ ਸੇਵਾ ਦੀ ਅਹਿਮੀਅਤ ਕਈ ਵਿਸਵੇ ਵੱਧ ਦਿੱਸੇਗੀ।

(੨)

ਪ੍ਰਿੰ: ਤੇਜਾ ਸਿੰਘ ੨ ਜੂਨ, ੧੯੮੪ ਵਾਲੇ ਦਿਨ ਸੁਹਾਂ ਨਦੀ ਦੇ ਕੰਢੇ ਇਕ ਛੋਟੇ ਜਹੇ ਪਰ ਰਮਣੀਕ ਪਿੰਡ ਅਡਿਆਲੇ (ਜ਼ਿਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਵਲਪਿੰਡੀ) ਵਿੱਚ ਪੈਦਾ ਹੋਏ। ਇਸ ਪਿੰਡ ਦੀਆਂ ਰੱਖਾਂ, ਤੇ ਖੁੰਦਰਾਂ, ਚੋਹੇ ਤੇ ਢੱਕੀਆਂ ਦਾ ਬੜਾ ਰਸ-ਰੱਤਾ ਜ਼ਿਕਰ ਇਨ੍ਹਾਂ ਦੀਆਂ ਲਿਖਤਾਂ ਵਿੱਚ ਮਿਲਦਾ ਹੈ। ਇਨ੍ਹਾਂ ਦੀ ਕਹਾਣੀ "ਸੱਚ ਜਿਹਾ ਝੂਠ" ਵਿੱਚ ਇਸੇ ਪਿੰਡ ਦਾ ਚਿਤਰ ਮਿਲਦਾ ਹੈ।

ਇਨ੍ਹਾਂ ਦੇ ਪਿਤਾ ਦੇ ਅਨੋਖੇ ਹਾਂ- ਭਾਈ 'ਭਲਾ ਕਰ ਸਿੰਘ'- ਤੋਂ ਇਨ੍ਹਾਂ ਦੇ ਗ਼ਰੀਬ ਖ਼ਾਨਦਾਨ ਦੀਆਂ ਸੁਹਿਰਦ ਰੁਚੀਆਂ ਦਾ ਪਤਾ ਲਗਦਾ ਹੈ। ਇਸੇ ਨਾਂ ਵਿੱਚ ਪ੍ਰਿੰ: ਸਾਹਿਬ ਦੀਆਂ ਕਈ ਸੁਭਾਵਕ ਰੁਚੀਆਂ ਦੀ ਵਿਆਖਿਆ ਵੀ ਮਿਲਦੀ ਹੈ।

ਪੜ੍ਹਾਈ ਦੇ ਸਮੇਂ ਵਿਚ ਪ੍ਰਿੰ: ਸਾਹਿਬ ਨੂੰ ਪੰਜਾਬ ਦੇ ਕਈ ਇਲਾਕਿਆਂ ਵਿਚ ਰਹਿਣ ਦਾ ਮੌਕਾ ਮਿਲਿਆ। ਆਪਣੇ ਪਿੰਡ ਤੋਂ ਥੋੜੀ ਦੂਰ ਇਕ ਪਿੰਡ ਢੱਲੇ ਵਿਚ ਪ੍ਰਾਇਮਰੀ, ਮਿਸ਼ਨ ਹਾਈ ਸਕੂਲ, ਰਾਵਲ ਪਿੰਡੀ ਵਿਚ ਜੂਨੀਅਰ ਸਪੈਸ਼ਲ, ਡਿਸਟ੍ਰਿਕਟ ਬੋਰਡ ਸਕੂਲ, ਸਰਗੋਧਾ ਵਿਚ ਮਿਡਲ ਤੇ ੧੯੧੦ ਵਿਚ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਮੈਟ੍ਰਿਕ ਪਾਸ ਕੀਤਾ। ਐਫ਼-ਏ ਖਾਲਸਾ ਕਾਲਜ, ਅੰਮ੍ਰਿਤਸਰ ਤੋਂ ਪਾਸ ਕਰ ਕੇ ੧੯੧੪ ਵਿਚ ਗਾਰਡਨ ਕਾਲਜ, ਰਾਵਲ ਪਿੰਡੀ ਤੋਂ ਬੀ. ਏ. ਪਾਸ ਕੀਤਾ।

ਏਨੇ ਸਕੂਲ, ਕਾਲਜ, ਬਦਲਣ ਵਾਲਾ ਵਿਦਿਆਰਥੀ ਆਮ ਤੌਰ ਤੇ ਪੜ੍ਹਾਈ ਵਿਚ ਪਿੱਛੇ ਰਹਿ ਜਾਂਦਾ ਹੈ, ਪਰ ਪ੍ਰਿੰ: ਸਾਹਿਬ ਪੜ੍ਹਾਈ ਵਿਚ ਫਾਡੀ ਕਦੀ ਨਹੀਂ ਹੋਏ। ਉਨ੍ਹਾਂ ਨੂੰ ਸਕੂਲ ਤੇ ਕਾਲਜ ਦੇ ਦਿਨਾਂ ਵਿਚ ਹਥੀਂ ਕਾਰ ਕਰ ਕੇ ਅਪਣੀ ਪੜ੍ਹਾਈ ਦਾ ਖਰਚ ਪੂਰਾ ਕਰਨਾ ਪੈਂਦਾ ਸੀ। ਪਰ ਇਨ੍ਹਾਂ ਨੇ ਅਪਣੀ ਤਰੱਕੀ ਦੀ ਲਗਨ ਤੇ ਪੜ੍ਹਾਈ ਦੀ ਚਾਹ ਨੂੰ ਨਾ ਡੋਲਣ ਦਿੱਤਾ। ਇਸ ਤਰਾਂ ਆਪਣੀ ਗ਼ਰੀਬੀ ਨੂੰ ਆਪਣੀ ਕਮਾਈ ਨਾਲ ਕੱਜ ਕੇ ਆਪ ਆਪਣੇ ਕਮਾਏ ਪੈਸੇ ਨਾਲ ਨਾਟਕ ਵੇਖਦੇ, ਟੈਨਿਸ ਖੇਡਦੇ, ਮੂਰਤਾਂ ਬਣਾਦੇ, ਕਿਤਾਬਾਂ ਖ਼ਰੀਦਦੇ ਤੇ ਕੀਮਤੀ ਕਪੜੇ ਪਹਿਨਦੇ-ਇਹ ਸਭ ਇਨ੍ਹਾਂ ਦੀ ਰਸਿਕ ਤੇ ਕਲਾ-ਵਾਨ ਰੁਚੀ ਦੀ ਤ੍ਰਿਪਤੀ ਲਈ ਸਾਧਨ ਸਨ। ਇਹ ਸਭ ਕੁਝ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕਰਨ ਦੇ ਬਾਵਜੂਦ ਛੋਟੀ ਉਮਰ ਵਿਚ ਹੀ, ਆਪ ਦੀ ਜਿਸ
ਪੱਧਰ ਤੇ ਪਹੁੰਚ ਗਏ ਸਨ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ
ਸਕਦਾ ਹੈ ਕਿ ਬੀ. ਏ. ਦਾ ਨਤੀਜਾ ਨਿਕਲਣ ਤੋਂ ਪਹਿਲਾਂ ੧੯
ਸਾਲ ਦੀ ਉਮਰ ਵਿਚ ਆਪ ਨੂੰ ਗਾਰਡਨ ਕਾਲਜ ਵਿਚ ਅੰਗਰੇਜ਼ੀ ਤੇ
ਇਤਿਹਾਸ ਦਾ ਲੈਕਚਰਾਰ ਨੀਅਤ ਕਰ ਦਿੱਤਾ ਗਿਆ। ਅੰਗਰੇਜ਼ੀ ਦਾ
ਐਮ. ਏ. ਆਪ ਨੇ ਓਥੇ ਹੀ ੧੯੧੭ ਵਿਚ ਪਾਸ ਕੀਤਾ। ੧੯੧੯
ਵਿਚ ਆਪ ਵਾਦਨ ਸਾਹਿਬ ਦੇ ਜ਼ੋਰ ਦੇਣ ਤੇ ਖਾਲਸਾ ਕਾਲਜ,
ਅੰਮ੍ਰਿਤਸਰ ਵਿਚ ਪ੍ਰੋਫੈਸਰ ਲੱਗ ਗਏ। ਏਥੇ ਆਪ ਪੂਰੇ ਛੱਬੀ ਵਰ੍ਹੇ
ਅੰਗਰੇਜ਼ੀ, ਇਤਿਹਾਸ ਜਾਂ ਧਰਮ ਪੜ੍ਹਾਉਂਦੇ ਰਹੇ। ਵਿਦਿਆਰਥੀਆਂ
ਦੇ ਪੂਰਾਂ ਦੇ ਪੂਰ ਇਨ੍ਹਾਂ ਦੇ ਹੱਥਾਂ ਵਿਚੋਂ ਲੰਘੇ। ਏਥੇ ਆਪ ਨੂੰ ਧਰਮ,
ਸਾਹਿਤ ਦੇ ਇਤਿਹਾਸ ਬਾਰੇ ਡੂੰਘੀ ਵਿਚਾਰ ਕਰਨ ਦਾ ਵਿਹਲ
ਮਿਲਿਆ, ਏਥੇ ਹੀ ਆਪ ਨੂੰ ਯੂਨੀਵਰਸਟੀ ਦੇ ਪ੍ਰੀਖਕ, ਫੈਲੋ ਤੇ ਲੇਖਕ
ਬਣਨ ਦਾ ਅਵਸਰ ਮਿਲਿਆ। ਏਥੇ ਰਹਿ ਕੇ ਇਨ੍ਹਾਂ ਨੇ ਪੰਜਾਬੀ ਤੇ
ਅੰਗਰੇਜ਼ੀ ਦੇ ਲੇਖਾਂ, ਟ੍ਰੈਕਟਾਂ, ਕਿਤਾਬਾਂ ਤੇ ਲੈਕਚਰਾਂ ਰਾਹੀਂ ਇਕ
ਸਾਹਿਤਕ ਪਰਵਾਹ ਚਲਾਇਆ, ਏਥੇ ਰਹਿ ਕੇ ਹੀ ਇਨ੍ਹਾਂ ਆਪਣੇ
ਸਾਥੀ ਪ੍ਰੋਫੈਸਰਾਂ, ਵਿਦਿਆਰਥੀਆਂ ਤੇ ਕਈ ਹੋਰਨਾਂ ਦੀਆਂ ਗੁਪਤ
ਸਾਹਿਤਕ ਰੁਚੀਆਂ ਨੂੰ ਲੱਭਿਆ, ਟੁੰਬਿਆ ਤੇ ਗਾਹੇ ਪਾਇਆ।
ਏਥੇ ਰਹਿੰਦਿਆਂ ਇਕ ਸਮਾਂ ਅਜੇਹਾ ਵੀ ਆਇਆ ਜਦੋਂ ਖਾਲਸਾ
ਕਾਲਜ ਦੇ ਕਈ ਹੋਰ ਪ੍ਰੋਫੈਸਰਾਂ ਦੇ ਨਾਲ ਆਪ ਨੂੰ ਵੀ ਸ਼ਾਹੀ ਕਿਲ੍ਹੇ,
ਲਾਹੌਰ ਵਿਚ ਬੰਦ ਰਹਿਣਾ ਪਿਆ। ਦੂਜੇ ਪਾਸੇ, ਏਥੇ ਹੀ ਆਪ
ਹਿੰਦੁਸਤਾਨ ਦੇ ਵਖੋ ਵਖ ਹਿਸਿਆਂ, ਸਭੋ ਮਲਾਇਆ ਤੱਕ, ਪੰਜਾਬੀ
ਸਭਿਆਚਾਰ ਦਾ ਸਨੇਹਾ ਦੇਣ ਲੱਗੇ। ਖਾਲਸਾ ਕਾਲਜ ਅੰਮ੍ਰਿਤਸਰ,
ਨਾਲ ਆਪ ਦਾ ਸੰਬੰਧ ਏਨਾਂ ਚਿਰ ਤੇ ਏਨਾਂ ਡੂੰਘਾ ਰਿਹਾ ਕਿ ਜਦੋਂ
ਦਸੰਬਰ ੧੯੪੫ ਵਿਚ ਆਪ ਖਾਲਸਾ ਕਾਲਜ, ਬੰਬਈ ਦੇ ਪ੍ਰਿੰਸੀਪਲ
ਬਣ ਕੇ ਚਲੇ ਗਏ ਤਾਂ ਖਾਲਸਾ ਕਾਲਜ ਦੇ ਵਿਦਿਆਰਥੀਆਂ ਨੂੰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੜਾ ਚਿਰ ਇਉਂ ਮਹਿਸੂਸ ਹੁੰਦਾ ਰਿਹਾ ਜਿਵੇਂ ਕਾਲਜ ਦੀ ਰੂਹ ਹੀ ਕਿਤੇ ਅਲੋਪ ਹੋ ਗਈ ਹੁੰਦੀ ਹੈ।

ਤਿੰਨ ਸਾਲ ਖਾਲਸਾ ਕਾਲਜ, ਬੰਬਈ ਦੀ ਪ੍ਰਿੰਸੀਪਲੀ ਕਰ ਕੇ ਦਸੰਬਰ ੧੯੪੯ ਵਿਚ ਆਪ ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ ਦੇ ਪਹਿਲੇ ਸਕੱਤਰ ਨੀਅਤ ਹੋ ਕੇ ਸ਼ਿਮਲੇ ਆ ਗਏ। ਇਕ ਸਾਲ ਪਿੱਛੋਂ, ਜਨਵਰੀ ੧੯੪੯ ਵਿੱਚ, ਆਪ ਨੇ ਆਪਣੀ ਹੁਣ ਵਾਲੀ ਪਦਵੀ—ਮਹਿੰਦਰਾ ਕਾਲਜ, ਪਟਿਆਲਾ ਦੀ ਪ੍ਰਿੰਸੀਪਲੀ ਸਾਂਭੀ।

(*) ਅੰਗਰੇਜ਼ੀ ਤੇ ਪੰਜਾਬੀ ਵਿਚ ਪ੍ਰਿੰਃ ਸਾਹਿਬ ਨੇ ਬੜਾ ਕੁਝ ਲਿਖਿਆ ਹੈ ਪਰ ਉਸ ਵਿਚੋਂ ਬਹੁਤ ਥੋੜੀਆਂ ਚੀਜ਼ਾਂ ਅਜੇ ਕਿਤਾਬੀ ਸ਼ਕਲ ਵਿਚ ਛਪੀਆਂ ਹਨ। ਇਨ੍ਹਾਂ ਦਾ ਕੰਮ ਕਈ ਵੰਨਗੀਆਂ ਦਾ ਹੈ। ਜੇ ਇਕ ਪਾਸੇ ਗੁਰਬਾਣੀ ਦੀਆਂ ਲਗਾਂ-ਮਾਤਰਾਂ (ਸ਼ਬਦਾਂਤਕ ਲਗਾਂ ਮਾਤਰਾਂ, ੧੯੨੩) ਦੇ ਭੇਦ ਦੱਸੇ ਹਨ ਤਾਂ ਦੂਜੇ ਪਾਸੇ ਪੰਜਾਬ ਦੀਆਂ ਪ੍ਰੀਤ-ਜੋੜੀਆਂ ਦੇ ਹਾਲ ਅਪਣੱਤ ਨਾਲ ਦੱਸੇ ਹਨ (ਪੰਜਾਬੀ ਭੋਰੇ), ਜੇ ਇਕ ਪਾਸੇ ਗੁਰਬਾਣੀ ਦੇ ਔਖੇ ਪਦਾਂ ਦੇ ਅਰਥ ਦੱਸੇ (ਸ਼ਬਦਾਰਥ) ਤਾਂ ਦੂਜੇ ਪਾਸੇ ਪੁਰਾਣੀ ਪੰਜਾਬੀ ਦੀ ਕਵਿਤਾ ਨੂੰ ਪਰਖਣ ਤੇ ਉਸ ਦੇ ਸੁਆਦ ਮਾਣਨ ਵਲ ਵੀ ਧਿਆਨ ਦਿੱਤਾ, (ਪੰਜਾਬੀ ਦੀ ਚੋਣਵੀਂ ਕਵਿਤਾ) ਇਸੇ ਤਰ੍ਹਾਂ ਜੇ ਇਕ ਪਾਸੇ ਟੀਕੇ (ਜਪੁਜੀ ਤੇ ਆਸਾ ਦੀ ਵਾਰ) ਤੇ ਕੋਸ਼ ਤਿਆਰ ਕੀਤੇ (ਆਪ ਪੰਜਾਬ ਯੂਃ ਲਾਹੌਰ ਵਾਲੇ ਪੰਜਾਬੀ-ਅੰਗਰੇਜ਼ੀ ਕੋਸ਼, ਦੇ ਸੋਧਕ ਸਨ ਤੇ ਅੱਜ ਕੱਲ ਆਪ ਪੰਜਾਬ ਯੂਃ, ਸੇਲਨ ਦੇ ਅੰਗਰੇਜ਼ੀ-ਪੰਜਾਬੀ ਕੋਸ਼ ਨੂੰ ਤਿਆਰ ਕਰ ਰਹੇ ਹਨ) ਤਾਂ ਦੂਜੇ ਪਾਸੇ, ਆਪ ਨੇ ਹਲਕੇ ਫੁਲਕੇ ਨਾਂ ਗੌਰਵਤਾ-ਭਰੇ ਮੌਲਿਕ ਲੇਖ ਲਿਖੇ (ਨਵੀਆਂ ਸੋਚਾਂ ਤੇ ਸਹਿਜ ਸੁਭਾ, ਤਿੰਨ ਕਿਤਾਬਾਂ-ਸਾਹਿਤਕ ਲੇਖ, ਸਭਿਆਚਾਰਕ ਲੇਖ ਤੇ ਧਾਰਮਕ ਲੇਖ, ਅਜੇ ਅਣ-ਛਪੀਆਂ ਪਈਆਂ ਹਨ)।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਵਾਰਤਕ ਵਿਚ ਪ੍ਰੋ: ਸਾਹਿਬ ਦੀ ਖਾਸ ਥਾਂ ਹੈ। ਨਿਬੰਧ ਜਾਂ ਲੇਖ, ਜਿਸ ਵਖਰੇ ਸਾਹਿਤਕ ਰੂਪ ਵਿਚ, ਅਸੀਂ ਅੰਗਰੇਜ਼ੀ ਤੋਂ ਪੰਜਾਬੀ ਵਿਚ ਆਇਆ ਵੇਖਦੇ ਹਾਂ, ਉਸ ਦੀ ਪੱਕੀ ਨੀਂਹ ਪ੍ਰੋ: ਸਾਹਿਬ ਦੀ ਰੱਖੀ ਸਮਝਣੀ ਚਾਹੀਦੀ ਹੈ। ਇਨ੍ਹਾਂ ਦੇ ਵਿਸ਼ੇ ਆਮ ਤੌਰ ਤੇ ਸਭਿਆਚਾਰਕ ਜਾਂ ਸਾਹਿਤਕ ਹੁੰਦੇ ਹਨ। ਮਜ਼ਮੂਨ ਚਾਹੇ ਗੰਭੀਰ ਹੋਵੇ ਚਾਹੇ ਹਸਾਉਣਾ, ਉਸ ਦਾ ਤਿਆਰ ਰੂਪ ਆਪਣੇ ਆਪ ਵਿਚ ਇਕ ਮੁਕੰਮਲ ਹੁਨਰੀ ਵਸਤ ਦਾ ਨਮੂਨਾ ਹੁੰਦਾ ਹੈ। 'ਨਵਾਂ ਜ਼ਮਾਨਾ' ਤੇ 'ਸਭਿਆਚਾਰਾਂ ਦਾ ਮੇਲ,' ਜਾਂ 'ਵਿਹਲੀਆਂ ਗੱਲਾਂ' ਤੇ 'ਗੁਸਲ ਖਾਨਾ' ਪੰਜਾਬੀ ਵਿਚ ਆਪਣੀ ਤਰਾਂ ਦੇ ਸਭ ਤੋਂ ਵਧੀਆ ਲੇਖ ਹਨ। ਇਕ ਚੇਤੰਨ ਕਲਾਕਾਰ ਹੋਣ ਕਰਕੇ, ਇਨ੍ਹਾਂ ਦ ਲੇਖਾਂ ਵਿਚ ਖਿਆਲ ਦੀ ਉਸਾਰੀ ਬੜੀ ਚੰਗੀ ਤੇ ਠੀਕ ਹੁੰਦੀ ਹੈ। ਲੇਖਾਂ ਵਿਚ ਵੱਡੀ ਖੂਬੀ ਇਹ ਹੁੰਦੀ ਹੈ ਕਿ ਗੱਲ ਵਿਚੋਂ ਗੱਲ ਨਿਕਲੇ ਤੇ ਇਨ੍ਹਾਂ ਦੇ ਹਰ ਲੇਖ ਵਿਚ ਇਹ ਖ਼ੂਬੀ ਮੌਜੂਦ ਹੁੰਦੀ ਹੈ। ਕਈ ਲੇਖਕ ਇਕ ਲੰਮੀ ਚੌੜੀ ਭੂਮਕਾ ਬੰਨ੍ਹਣ ਤੋਂ ਪਿੱਛੋਂ ਵਲਾਵੇਂ ਨਾਲ ਆਪਣੇ ਮਜ਼ਮੂਨ ਦੇ ਅਸਲ ਭਾਵ ਵੱਲ ਪਰਤਦੇ ਹਨ, ਪਰ ਆਮ ਤੌਰ ਤੇ ਆਪ ਦਾ ਪਹਿਲਾ ਵਾਕ ਮਜ਼ਮੂਨ ਦੇ ਸਭ ਤੋਂ ਜ਼ਰੂਰੀ ਅੰਗ ਨੂੰ ਛੋਹ ਲੈਂਦਾ ਹੈ। ਹਰ ਪੈਰਾ ਖਿਆਲ ਦੇ ਕਿਸੇ ਨਵੇਂ ਮੋੜ ਜਾਂ ਪੱਖ ਦਾ ਸੂਚਕ ਹੁੰਦਾ ਹੈ ਤੇ ਆਪਣੇ ਪਹਿਲੇ ਵਾਕ ਦਾ ਵਿਸਥਾਰ। ਇਸੇ ਤਰਾਂ ਲੇਖ ਦੇ ਅੰਤ ਤਕ, ਨਿੱਕੇ ਨਿੱਕੇ ਵਾਕ, ਇਕ ਸੁਭਾਵਕ, ਬਝਵੀਂ ਤਰਬੀਤ ਵਿਚ ਜੁੜੇ ਜਾਂਦੇ ਹਨ। ਕਿਤੇ ਖਿਚ ਧਰੂਹ ਕੀਤੀ ਪਰਤੀਤ ਨਹੀਂ ਹੁੰਦੀ, ਨਾ ਕੋਈ ਲਫ਼ਜ਼ ਜਾਂ ਵਾਕ ਆਲੇ ਦੁਆਲੇ ਤੋਂ ਅਡ ਹੋ ਕੇ ਰੜਕਦਾ ਹੈ। ਕੋਈ ਵਾਕ ਲਛੇਦਾਰ ਨਹੀਂ ਹੁੰਦਾ। ਪੰਜਾਬੀ ਦੇ ਬਹੁਤ ਘਟ ਵਿਦਵਾਨ ਅਜੇਹੇ ਹਨ ਜਿਨ੍ਹਾਂ ਦੀਆਂ ਨਖੇੜਵੀਆਂ ਵਿਸ਼ੇਸ਼ਤਾਈਆਂ, ਸਪਸ਼ਟਤਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਸਰਲਤਾ ਕਹੀਆਂ ਜਾ ਸਕਦੀਆਂ ਹਨ, ਪਰ ਪ੍ਰੋ: ਸਾਹਿਬ ਦੀ ਲਿਖਤ ਵਿਚ ਸ਼ਾਇਦ ਹੀ ਕੋਈ ਐਸਾ ਵਾਕ ਹੋਵੇ ਜਿਸ ਦੇ ਅਰਥ ਸਾਧਾਰਨ ਆਦਮੀ ਵੀ ਪੂਰੀ ਤਰਾਂ ਨਾ ਸਮਝ ਸਕਦਾ ਹੋਵੇ। ਇਹ ਅਰਬੀ ਫ਼ਾਰਸੀ ਜਾਂ ਸੰਸਕ੍ਰਿਤ ਹਿੰਦੀ ਦੇ ਮੋਟੇ ਮੋਟੇ ਤਤਸਮ ਸ਼ਬਦਾਂ ਦੀ ਵਰਤੋਂ ਵਿਚ ਬੜੇ ਸੰਕੋਚ ਤੋਂ ਕੰਮ ਲੈਂਦੇ ਹਨ। ਇਹ ਸ਼ਬਦਾਂ ਦੀ ਔਖਿਆਈ ਜਾਂ ਉਨ੍ਹਾਂ ਦੇ ਓਪਰੇ-ਪਨ ਦਾ ਜਾਦੂ ਨਹੀਂ ਕਬੂਲਦੇ ਇਨ੍ਹਾਂ ਦਾ ਜਤਨ ਹੁੰਦਾ ਹੈ ਕਿ ਕੇਵਲ ਉਹੀ ਸ਼ਬਦ ਤੇ ਸ਼ਬਦਾਂ ਦੇ ਉਹੀ ਰੂਪ ਵਰਤੇ ਜਾਣ ਜਿਹੜੇ ਨਿਰੋਲ ਪੰਜਾਬੀ ਹੋਣ ਜਾਂ ਪੰਜਾਬੀ ਵਿਚ ਚੰਗੀ ਤਰਾਂ ਰਚ-ਮਿਚ ਚੁੱਕੇ ਹੋਣ।

ਆਪ ਦਾ ਲਿਖਣ-ਢੰਗ ਬੜਾ ਬੀਬਾ, ਸਾਊ, ਚੁਸਤ ਤੇ ਬਾਕਾਇਦਾ ਹੁੰਦਾ ਹੈ। ਇਸ ਵਿਚ ਅਕਲੀ ਗੁਣਾਂ ਦੀ ਪਰਧਾਨਤਾ ਹੁੰਦੀ ਹੈ। ਵਾਰਤਕ ਵਿਚ ਆਰਨਲਡ ਤੇ ਫ਼ਰੂਡ ਆਪ ਦੇ ਆਦਰਸ਼ ਰਹੇ ਹਨ—ਆਰਨਲਡ ਆਪਣੀ ਸਨਾਤਨੀ ਪਰਮਾਣੀਕਤਾ ਕਰਕੇ ਤੇ ਫ਼ਰੂਡ ਆਪਣੀ ਸਰਲਤਾ ਦੇ ਕਾਰਨ। ਇਨ੍ਹਾਂ ਦੀ ਵਾਰਤਕ ਨਮੂਨੇ ਦੀ ਵਾਰਤਕ ਹੁੰਦੀ ਹੈ ਜਿਸ ਨੂੰ ਕਵਿਤਾ ਦਾ ਕੰਮ ਭਗਤਾਉਣ ਲਈ ਕਦੀ ਮਜਬੂਰ ਨਹੀਂ ਕੀਤਾ ਜਾਂਦਾ, ਨਾ ਉਸ ਵਿਚ ਕੋਈ ਅਧਿਆਹਾਰਨ ਉਤਾਰ-ਚੜ੍ਹਾ ਆਉਂਦੇ ਹਨ ਤੇ ਨਾ ਉਸ ਦੀ ਇਕਸਾਰਤਾ ਅਕਾਊ ਬਣਦੀ ਹੈ। ਕਦੀ ਕਦੀ ਰਵਾਂ ਰਵੀਂ ਤੁਰਦੀ ਨਸਰ ਵਿਚ ਹਲਕੀ ਜਹੀ ਮਸ਼ਕਰੀ ਨ ਲ ਜਾਂ ਕਿਸੇ ਢੁਕਵੀਂ ਮਿਸਾਲ ਨਾਲ ਸ਼ੋਖੀ ਪੈਦਾ ਕੀਤੀ ਹੁੰਦੀ ਹੈ।

ਵਿਦਵਾਨ ਹੋਣ ਕਰਕੇ ਆਪ ਆਪਣੇ ਮਜ਼ਮੂਨਾਂ ਵਿਚ ਬੜੀ ਭਰਵੀਂ ਵਾਕਫ਼ੀਅਤ ਦੇਂਦੇ ਹਨ ਪਰ ਉਸ ਨੂੰ ਬੋਝਲ ਨਹੀਂ ਬਣਨ ਦੇਂਦੇ। ਜਿਤੇ ਕਿਤੇ ਸਿੱਖਿਆ ਜਾਂ ਪਰਚਾਰ ਹੁੰਦਾ ਹੈ ਉਸ ਨੂੰ ਵੀ ਹੌਲਾ ਤੇ ਪਚਵਾਂ ਬਣਾਉਣ ਦਾ ਜਤਨ ਕੀਤਾ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਰਮ ਆਪ ਦਾ ਖਾਸ ਮਜ਼ਮੂਨ ਹੈ ਤੇ ਆਪ ਸਦਾ ਇਸ ਦੇ ਮੁਨੱਖੀ ਤੇ ਸਭਿਆਚਾਰਕ ਪੱਖ ਨੂੰ ਉਜਾਗਰ ਕਰਦੇ ਹਨ । ਇਨ੍ਹਾਂ ਨੂੰ ਵਿਸ਼ਵਾਸ਼ ਹੈ ਕਿ ਸਮਾਜਕ ਤੇ ਆਰਥਕ ਗੁੰਝਲਾਂ ਵੀ ਧਾਰਮਕ ਜਾਂ ਸਦਾਚਾਰਕ ਹੀਲਿਆਂ ਰਾਹੀਂ ਹਲ ਕੀਤੀਆਂ ਜਾ ਸਕਦੀਆਂ ਹਨ। ਇਹ ਆਪਣੀਆਂ ਲਿਖਤਾਂ ਵਿਚ ਜ਼ਿੰਦਗੀ ਦੀ ਸਾਰਥਕਤਾ, ਅਮੁੱਲਤਾ ਤੇ ਚੰਗਿਆਈ ਦ੍ਰਿੜ੍ਹਾਉਂਦੇ ਹਨ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਃ ਗੁਰਬਖ਼ਸ਼ ਸਿੰਘ

(੧)

ਸਤੰਬਰ ੧੯੨੩ ਵਿਚ, ਨੁਸ਼ਹਿਰੇ (ਸੂਬਾ ਸਰਹੱਦ) ਤੋਂ, ਇੱਕ ''ਪ੍ਰੀਤ-ਲੜੀ'' ਨਾਂ ਦਾ ਪੰਜਾਬੀ ਰਿਸਾਲਾ ਨਿਕਲਿਆ। ਉਦੋਂ ਇਸ ਦੇ ੩੮ ਵਰ੍ਹਿਆਂ ਦੇ ਜਵਾਨ ਸੰਪਾਦਕ ਨੂੰ ਪੰਜਾਬ ਦੇ ਸਾਹਿਤਕ, ਭਾਈ-ਚਾਰਕ, ਸਿਆਸੀ ਜਾਂ ਪੱਤਰਕਾਰ ਹਲਕਿਆਂ ਵਿਚ ਕੋਈ ਨਹੀਂ ਸੀ ਜਾਣਦਾ; ਪਰ ਸਮਝਦਾਰ ਪਾਠਕਾਂ ਨੂੰ ਪਹਿਲੇ ਅੰਕ ਤੋਂ ਹੀ ਪਤਾ ਲੱਗ ਗਿਆ ਕਿ ਇਸ ਸੰਪਦਾਕ ਦੀ ਲਿਖਤ ਜਾਂ ਸ਼ੈਲੀ ਨਾਲ ਮੇਲ ਖਾਣ ਵਾਲੀ ਵਾਰਤਕ ਅੱਜੇ ਤੱਕ ਸਾਡੇ ਸਾਹਿਤ ਵਿੱਚ ਕੋਈ ਨਹੀਂ ਹੋਈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਦਾ ਸਤਕਾਰ-ਭਰਿਆ ਸੰਬੋਧਨ, ਇਸ ਦੀ ਮੂਰਤੀਕਾਰ, ਧੁਹਾਂ-ਪਾਊ ਦੀ ਸ਼ੈਲੀ, ਇਸ ਦੇ ਮੰਤਵ ਦਾ ਖਰਾ-ਪਨ ਤੇ ਨਜ਼ਰੀਏ ਦੀ ਚੁੜਿੱਤਣ, ਪੰਜਾਬੀ ਵਿੱਚ ਅਸਲੋਂ ਨਵੀਆਂ ਚੀਜ਼ਾਂ ਸਨ ! "ਪ੍ਰੀਤ-ਲੜੀ" ਨਾਲ ਪੰਜਾਬੀ ਪੱਤਰਕਾਰੀ, ਪੰਜਾਬੀ ਵਾਰਤਕ ਤੇ ਪੰਜਾਬੀ ਕਹਾਣੀ ਨੇ ਨਵੀਆਂ ਸੰਭਾਵਨਾਵਾਂ ਲੱਭੀਆਂ। ਇਸ ਲੱਈ, ਪ੍ਰੀਤ-ਲੜੀ ਤੇ ਉਸ ਦੇ ਸੰਪਾਦਕ ਗੁਰਬਖ਼ਸ਼ ਸਿੰਘ ਦਾ ਨਾਂ, ਹੌਲੀ ਹੌਲੀ, ਪੰਜਾਬੀ ਜਾਣਨ ਵਾਲੇ ਲੋਕਾਂ ਵਿੱਚ, ਪਰਸਿੱਧ ਹੋਣਾ ਸ਼ੁਰੂ ਹੋਇਆ। ਥੋੜੇ ਹੀ ਸਮੇਂ ਵਿੱਚ ਗੁਰਬਖ਼ਸ਼ ਸਿੰਘ ਪੰਜਾਬੀ ਸਾਹਿਤ ਦਾ ਸਿਰ ਕੱਢ ਤੇ ਸਨਮਾਨਿਆ ਸਾਹਿਤਕਾਰ ਬਣ ਗਿਆ। ਆਪ ਦਾ ਪਰਭਾਵ ਸਮਕਾਲੀ ਸਾਹਿਤ ਉਪਰ ਏਨਾ ਪਰਤੱਖ ਤੇ ਡੂੰਘਾ ਹੋਇਆ ਕਿ ਆਸ਼ੇ, ਮੰਤਵ ਤੇ ਰੁਚੀਆਂ ਦੇ ਵਖੇਵੇਂ ਨੂੰ ਮੁੱਖ ਰੱਖ ਕੇ, ਕੋਈ ਸਿਆਣਾ ਸਮਾਲੋਚਕ ੧੯੩੩ ਤੋਂ ਬਾਦ ਦੇ ਸਾਹਿਤ ਨੂੰ ਭਾਈ ਵੀਰ ਸਿੰਘ ਕਾਲ ਵਿੱਚ ਸ਼ਾਮਲ ਨਹੀਂ ਕਰਦਾ।

੧੯੩੩ ਵਿੱਚ ਡਾ: ਵੀਰ ਸਿੰਘ ਦਾ ਪਰਭਾਵ ਘਟਦਾ ਤੇ ਗੁਰਬਖ਼ਸ਼ ਸਿੰਘ ਦਾ ਸੂਰਜ ਚੜ੍ਹਦਾ ਹੈ ਤੇ ਅੱਜ ਗੁਰਬਖ਼ਸ਼ ਸਿੰਘ ਸਾਰੇ ਸਾਹਿੱਤ ਉੱਤੇ ਬੋੜ ਵਾਂਗ ਫੈਲਿਆ ਹੋਇਆ ਹੈ।

(੨)

ਗੁਰਬਖ਼ਸ਼ ਸਿੰਘ ਦਾ ਜੀਵਨ, ਆਤਮ-ਵਿਸ਼ਵਾਸ, ਅਹਿੱਲ ਸਿਟੜ ਤੇ ਬਲਵਾਨ ਇੱਛਾ ਦੀ ਜਿੱਤ ਦੀ ਇੱਕ ਉਤਸ਼ਾਹ-ਜਨਕ ਕਹਾਣੀ ਹੈ। ਆਪ ੨੬ ਅਪਰੈਲ, ੧੯੯੫ ਵਾਲੇ ਦਿਨ ਪੂਰਨ ਦੇ ਸ਼ਹਿਰ, ਸਿਆਲ ਕੋਟ ਵਿੱਚ ਪੈਦਾ ਹੋਏ। ਆਪਣੇ ਸ਼ਹਿਰ ਦੇ ਸਕੂਲ ਵਿੱਚੋਂ ਮੈਟ੍ਰਿਕ ਪਾਸ ਕਰਕੇ ਆਪ ਐਫ-ਸੀ ਕਾਲਜ, ਲਾਹੌਰ ਵਿੱਚ ਦਾਖ਼ਲ ਹੋਏ। ਪਰ ਇੱਕ ਮਹੀਨੇ ਪਿੱਛੋਂ ਕਾਲਜ ਛੱਡਣਾ ਪਿਆ। ਉਨ੍ਹਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦਿਨਾਂ ਵਿਚ ਸਿਖ ਅਜੂਕੇਸ਼ਨਲ ਕਾਨਫ੍ਰੰਸ ਦਾ ਸਾਲਾਨਾ ਸਮਾਗਮ ਸਿਆਲਕੋਟ ਵਿੱਚ ਹੋਣ ਵਾਲਾ ਸੀ। ਆਪ ਕੁੱਝ ਚਿਰ ਲਈ ਉਸ ਦੇ ਦਫ਼ਤਰ ਵਿੱਚ ਕਲਰਕੀ ਕਰਦੇ ਰਹੇ। ਓਥੋਂ ਹੱਟੇ ਤਾਂ ਕਮਸਰੇਟ ਵਿੱਚ ਕਲਰਕ ਲੱਗ ਗਏ; ਪਰ ਮਨ ਵਿਚ ਤਰੱਕੀ ਕਰਨ ਦੀ ਰੀਝ ਸੀ, ਸੋ ਟੋਮੇਸਨ ਐਨਜਿਨੀਅਰਿੰਗ ਕਾਲਜ, ਰੁੜਕੀ ਦੇ ਦਾਖ਼ਲੇ ਦਾ ਇਮਤਿਹਾਨ ਦੇ ਦਿੱਤਾ ਤੇ ਫ਼ਸਟ ਰਹਿ ਕੇ ਅਪਰ ਸਬ-ਔਰਡੀਨੇਟ ਕਲਾਸ ਵਿੱਚ ਦਾਖ਼ਲਾ ਪਰਾਪਤ ਕਰ ਲਿਆ। ਏਥੋਂ ਇਮਤਿਹਾਨ ਪਾਸ ਕਰਦੇ ਸਾਰ ਆਪ ਫ਼ੌਜ ਵਿਚ ਐਨਜਿਨੀਅਰ ਲੱਗ ਗਏ। ਪਹਿਲੀ ਵੱਡੀ ਜੰਗ ਵਿਚ ਆਪ ਨੂੰ ਈਰਾਨ, ਇਰਾਕ ਤੇ ਅਰਬ ਵਿੱਚ ਰਹਿਣ ਦਾ ਮੌਕਾ ਮਿਲਿਆ। ਇਸੇ ਨੌਕਰੀ ਵਿੱਚ ਆਪ ਦਾ ਮੇਲ ਇੱਕ ਈਸਾਈ ਪਾਦਰੀ ਰੈਵਰੈਂਡ ਮਿਸਟਰ ਸਟੈਂਡ ਨਾਲ ਹੋਇਆ ਜਿਸ ਨੇ ਆ ਪ ਨੂੰ ਅਮਰੀਕਾ ਜਾ ਕੇ ਹੋਰ ਉਚੇਰੀ ਵਿੱਦਿਆ ਪਰਾਪਤ ਕਰਨ ਦੀ ਪਰੇਰਨਾ ਕੀਤੀ। ਪੜ੍ਹਾਈ ਦੇ ਪੂਰੇ ਸਾਧਨ ਨਾ ਹੋਣ ਦੇ ਬਾਵਜੂਦ ਆਪ ਅਮਰੀਕਾ ਜਾਣ ਲਈ ਤਿਆਰ ਹੋ ਗਏ। ਗੁਜਰਾਂਵਾਲੇ ਦੇ ਇੱਕ ਸੱਜਣ ਸ: ਰਘਬੀਰ ਸਿੰਘ ਨੇ ਅਮਰੀਕਾ ਤੱਕ ਦਾ ਕਿਰਾਇਆ ਦਿੱਤਾ, ਜਿਸ ਨਾਲ ਆਪ ਮਿਸ਼ੀਗਨ ਯੂਨੀਵਰਸਿਟੀ ਵਿਚ ਸੀ. ਈ–(ਸਿਵਲ ਐਨਜਿਨੀਅਰਿੰਗ) ਦੀ ਡਿਗਰੀ ਲੈਣ ਲਈ ਜਾ ਪਹੁੰਚੇ। ਉਸ ਯੂਨੀਵਰਸਿਟੀ ਵਿੱਚ ਸਿਵਲ ਐਨਜਿਨੀਅਰਿੰਗ ਦਾ ਪ੍ਰੋਫ਼ੈਸਰ ਸੀ ਹੈਨਰੀ ਈ: ਰਿਗਜ਼। ਗੁਰਬਖਸ਼ ਸਿੰਘ, ਦੀਆਂ ਲਿਖਤਾਂ ਰਾਹੀਂ ਪੰਜਾਬੀ ਦੇ ਪਾਠਕ ਇਸ ਵੇਰਵੇ ਨੂੰ ਚੰਗੀ ਤਰ੍ਹਾਂ ਜਾਣਦੇ ਹਨ ਪ੍ਰੋ: ਰਿਗਜ਼ ਤੇ ਉਨ੍ਹਾਂ ਵਰਗੇ ਕਈ ਸਜਣਾਂ ਦੇ ਪਰਭਾਵ ਦਾ ਨਤੀਜਾ ਇਹ ਹੋਇਆ ਕਿ ਸ: ਗੁਰਬਖਸ਼ ਸਿੰਘ ਅਮਰੀਕਾ ਤੇ ਅਮਰੀਕੀ ਸਭਿਆਚਾਰ ਤੇ ਮੋਹਿਤ ਹੋ ਗਏ। ਮੁਢਲੀਆਂ ਲਿਖਤਾਂ ਵਿੱਚ ਆਪ ਉਸ ਦੇਸ ਤੇ ਉਸ ਦੇਸ ਦੇ ਬੰਦਿਆਂ ਦੀਆਂ ਸਿਫ਼ਤਾਂ ਕਰਦੇ ਨਹੀਂ ਥੱਕਦੇ।

ਪੜ੍ਹਾਈ ਦੇ ਨਾਲ ਨਾਲ ਸ: ਗੁਰਬਖਸ਼ ਸਿੰਘ ਨੌਕਰੀ ਕਰਕੇ ਆਪਣਾ ਗੁਜ਼ਾਰਾ ਤੋਰਦੇ ਰਹੇ। ਇਹ ਦਿਨ ਇਨ੍ਹਾਂ ਲਈ ਕਰੜੀ ਘਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੇ ਸਨ । ਪੜ੍ਹਾਈ ਤੇ ਨੌਕਰੀ ਦੇ ਨਾਲ ਨਾਲ ਇਨ੍ਹਾਂ ਨੇ ਅੰਗਰੇਜ਼ੀ ਸਾਹਿਤ ਨਾਲ ਆਪਣੀ ਵਾਕਫ਼ੀਕਤ ਵਧਾਈ ਤੇ ਅੰਗਰੇਜ਼ੀ ਵਿਚ ਡਰਾਮੇ ਤੇ ਲੇਖ ਲਿਖਣੇ ਸ਼ੁਰੂ ਕੀਤੇ । ''ਮੇਰੀ ਦਾਦੀ'' ਵਾਲਾ ਪਰਸਿੱਧ ਲੇਖ, ਪਹਿਲੀ ਵਾਰੀ, ਅਮਰੀਕਾ ਵਿਚ ਹੀ ''ਏਸ਼ੀਆ'' ਰਿਸਾਲੇ ਵਿਚ ਛਪਿਆ । ''ਪ੍ਰੀਤ-ਮੁਕਟ'' ''ਪੂਰਬ ਪੱਛਮ'' ਤੇ ''ਰਾਜ ਕੁਮਾਰੀ ਲਤਿਕਾ'' ਵਾਲੇ ਨਾਟਕ ਓਥੇ ਹੀ ਪਹਿਲਾਂ ਅੰਗਰੇਜ਼ੀ ਵਿੱਚ ਲਿਖੇ ਗਏ ।

੧੯੨੨ ਵਿੱਚ ਮਿਸ਼ੀਗਨ ਯੂਨੀਵਰਸਿਟੀ ਤੋਂ ਸੀ. ਈ. ਦੀ ਡਿਗਰੀ ਲੈਂਦੇ ਸ: ਸਾਰ ਗੁਰਬਖ਼ਸ਼ ਸਿੰਘ, ਪ੍ਰੋ: ਰਿਗਜ਼ ਦੀ ਕਿਰਪਾ ਨਾਲ, ਯੰਗਜ਼ਟਾਊਨ, ਓਹੀਓ, ਦੀ ਟ੍ਰਸਕਨ ਸਟੀਲ ਕੰਪਨੀ ਵਿਚ ਐਨਜਿਨੀਅਰ ਲੱਗ ਗਏ ।

੧੯੨੪ ਵਿੱਚ, ਆਪ ਆਪਣੇ ਘਰ ਵੱਲ ਪਰਤੇ । ਰਸਤੇ ਵਿਚ, ਰੂਸ ਤੋਂ ਬਿਨਾ, ਸਾਰੇ ਯੂਰਪੀ ਦੇਸ਼ਾਂ ਦੀ ਸੈਰ ਕੀਤੀ । ਘਰ ਪਹੁੰਚ ਕੇ, ਇਕ ਸਾਲ ਵਿਹਲੇ ਰਹਿਣ ਤੋਂ ਪਿਛੋਂ, ਬੀ. ਬੀ ਸੀ. ਆਈ. ਰੇਲਵੇ ਵਿਚ ਐਨਜਿਨੀਅਰ ਨਿਅਤ ਹੋ ਕੇ ਦੋਹਾਦ(ਬੰਬਈ)ਚਲੇ ਗਏ ।

੧੯੩੧ ਦੀ ਛਾਂਟੀ ਵਿੱਚ, ਆਪ ਨੂੰ ਵੀ ਨੌਕਰੀ ਤੋਂ ਜਵਾਬ ਮਿਲ ਗਿਆ, ਪਰ ਹੱਥ ਤੇ ਹੱਥ ਧਰ ਕੇ ਬਹਿਣਾ ਜਾਂ ਨਿਰਾਸ ਹੋਣਾ ਇਨ੍ਹਾਂ ਦੇ ਸੁਭਾ ਵਿਚ ਨਹੀਂ ਸੀ । ਸੋ ਗੁਰਦੁਆਰਾ ਸਮਾਧ ਅਕਾਲੀ ਫੂਲਾ ਸਿੰਘ (ਨੁਸ਼ੈਹਰਾ) ਪਾਸੋਂ ਵਿਹਲੀ ਪਈ ਜ਼ਮੀਨ ਠੇਕੇ ਤੇ ਲੈ ਕੇ ਟ੍ਰੈਕਟਰਾਂ ਨਾਲ ਵਾਹੀ ਸ਼ੁਰੂ ਕਰ ਦਿੱਤੀ । ੧੯੩੩ ਵਿਚ ਉਥੇ ਹੀ 'ਪ੍ਰੀਤ-ਲੜੀ' ਜਾਰੀ ਕਰਲਈ । 'ਪ੍ਰੀਤ-ਲੜੀ' ਏਨੀ ਛੇਤੀ ਕਾਮਯਾਬ ਹੋ ਗਈ ਕਿ ਆਪ ਨੂੰ ਕੇਂਦਰ ਦੇ ਨੇੜੇ ਆਉਣ ਦੀ ਲੋੜ ਭਾਸੀ ਜੁਲਾਈ ੧੯੩੯ ਵਿਚ ਆਪ ਨੁਸ਼ੈਹਰਾ ਛੱਡ ਕੇ, ਮਾਡਲ ਟਾਊਨ, ਲਾਹੌਰ ਵਿਚ ਆ ਟਿਕੇ; ਪਰ ਜ਼ਮੀਨ ਦਾ ਪੱਕਾ ਪਰਬੰਧ ਨਾ ਹੋ ਸਕਣ ਕਰਕੇ ਆਪ ਨੇ ਲਾਲਾ ਧਨੀ ਰਾਮ 'ਚਾਤ੍ਰਿਕ' ਰਾਹੀਂ, ਪਿੰਡ ਲੋਪੋਕੀ (ਅਟਾਰੀ, ਜ਼ਿਲਾ ਅੰਮ੍ਰਿਤਸਰ) ਦੇ ਕੋਲ ਕੁੱਝ ਜ਼ਮੀਨ ਲੈ ਕੇ, ਓਥੇ ਆਪਣੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਫ਼ਨਿਆਂ ਦੀ ਦੁਨੀਆਂ ਵਸਾ ਲਈ ਤੇ ਇਸ ਦਾ ਨਾਂ ਰੱਖਿਆ 'ਪ੍ਰੀਤ-ਨਗਰ'।

ਪ੍ਰੀਤ-ਨਗਰ ਵੰਡ ਤੋਂ ਪਹਿਲਾਂ ਪੰਜਾਬ ਦਾ ਇਕ ਵੱਡਾ ਸਭਿਆਚਾਰਕ ਤੇ ਵਿਦਿਅਕ ਕੇਂਦਰ ਬਣ ਚੁੱਕਿਆ ਸੀ; ਪਰ ਦੇਸ਼ ਦੀ ਵੰਡ ਨੇ ਇਸ ਦੀ ਉੱਨਤੀ ਵਿਚ ਅੱੜਿਕਾ ਪਾ ਦਿੱਤਾ। ਗੜ ਬੜ ਦੇ ਦਿਨਾਂ ਵਿਚ ਸ: ਗੁਰਬਖ਼ਸ਼ ਸਿੰਘ ਨੂੰ ਕੁੱਝ ਚਿਰ ਪ੍ਰੀਤ-ਨਗਰ ਛੱਡਣਾ ਪੈ ਗਿਆ ਸੀ, ਪਰ ਅੱਜ ਕਲ ਆਪ ਫੇਰ ਆਪਣੇ ਟਿਕਾਣੇ ਤੇ ਪਹੁੰਚ ਗਏ ਹਨ।

(੩)

ਸ: ਗੁਰਬਖ਼ਸ਼ ਸਿੰਘ ਦੀ ਕਰੀਬ ਕਰੀਬ ਸਾਰੀ ਪੰਜਾਬੀ ਰਚਨਾ, ਪ੍ਰੀਤ-ਨਗਰ ਵਿਚ ਤੇ ਪ੍ਰੀਤ-ਲੜੀ ਵਾਸਤੇ ਸਿਰਜੀ ਗਈ। ਇਨ੍ਹਾਂ ਨੇ ਮੌਲਿਕ ਨਾਟਕਾਂ, ਕਹਾਣੀਆਂ, ਲੇਖਾਂ ਤੇ ਅਨੁਵਾਦਾਂ ਰਾਹੀਂ, ਇਕ ਪਾਸੇ ਸਾਡੇ ਵਰਤਮਾਨ ਜੀਵਨ ਦੀ ਨਿਰਜਿੰਦ ਸੰਤੁਸ਼ਟਤਾ, ਬੇਲੋੜੇ ਤੇ ਮਹਿੰਗੇ ਵਹਿਮਾਂ, ਉਲਾਰ ਕੀਮਤਾਂ ਤੇ ਪਰਤੱਖ ਵਿਰੋਧਤਾਈਆਂ ਨੂੰ ਸਾਡੇ ਸਾਹਮਣੇ ਨੰਗਾ ਕੀਤਾ ਹੈ ਤੇ ਦੂਜੇ ਪਾਸੇ, ਕੁਦਰਤੀ ਸਾਵੀਂ-ਪੱਧਰੀ, ਖ਼ੂਬਸੂਰਤ ਤੇ ਅਮੀਰ ਜ਼ਿੰਦਗੀ ਦੇ ਸੁਫ਼ਨੇ ਸਾਡੀਆਂ ਅੱਖਾਂ ਵਿਚ ਲਟਕਾਏ ਹਨ। ਇਨ੍ਹਾਂ ਨੇ ਪੰਜਾਬੀ ਵਾਰਤਕ ਨੂੰ, ਧਰਮ ਦੀ ਵਲਗਣ ਵਿਚੋਂ ਕੱਢ ਕੇ, ਬਾਹਰ ਦੀ ਹਵਾ ਲਵਾਈ ਹੈ। ਇਨ੍ਹਾਂ ਨੇ ਫ਼ਲਸਫ਼ੇ, ਧਰਮ ਸ਼ਿਆਸਤ, ਤਾਲੀਮ, ਖੇਤੀਬਾੜੀ, ਜੀਵਨ-ਜਾਚ, ਸਾਇੰਸ, ਲਿੰਗ, ਸਦਾਚਾਰ, ਸਮਾਜ-ਸੁਧਾਰ, ਸਾਹਿਤ, ਅਰਥ-ਸ਼ਾਸਤਰ ਤੇ ਹੋਰ ਅਨੇਕਾਂ ਵਿਸ਼ਿਆਂ ਬਾਰੇ ਆਪਣੇ ਤੇ ਹੋਰਨਾਂ ਦੇ ਸੁਲਝੇ ਹੋਏ ਖ਼ਿਆਲ ਸਾਡੇ ਸਾਹਮਣੇ ਰੱਖੇ ਹਨ। ਜਿਨ੍ਹਾਂ ਵਿਸ਼ਿਆਂ ਕੋਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡਾ ਸਾਹਿਤ, ਕੰਨਾਂ ਵਿਚ ਬੁੱਜੇ ਦੇ ਕੇ ਤੇ ਅੱਖਾਂ ਤੇ ਕੱਜਣ ਪਾ ਕੇ, ਛੇਤੀ ਨਾਲ ਕੰਨੀ ਕਤਰਾ ਜਾਂਦਾ ਸੀ, ਉਨ੍ਹਾਂ ਨੂੰ ਸਃ ਗੁਰਬਖ਼ਸ਼ ਸਿੰਘ ਨੇ ਪਹਿਲੀ ਵਾਰੀ ਸਾਹਿਤ ਵਿਚ ਸ਼ਾਮਲ ਕੀਤਾ। ਸਾਡੇ ਹੁਣ ਦੇ ਸਾਹਿਤਕਾਰਾਂ ਵਿਚੋਂ ਇੱਕੋ ਸਃ ਗੁਰਬਖ਼ਸ਼ ਸਿੰਘ ਹੀ ਅਜਿਹਾ ਸਾਹਿਤਕਾਰ ਹੈ ਜਿਸ ਦੇ ਕੋਲ ਲਿੰਗ ਸੰਬੰਧੀ ਖੁੱਲ੍ਹੀ ਵਿਚਾਰ ਕਰ ਲੈਣ ਵਾਲਾ ਹੌਸਲਾ, ਸ਼ਬਦ-ਭੰਡਾਰ ਤੇ ਢੰਗ ਹੈ। ਉਸ ਵਿਚ ਨਵੇਂ ਖ਼ਿਆਲ ਕਬੂਲਣ ਤੇ ਉਨ੍ਹਾਂ ਦੀ ਆਪਣੇ ਪਾਠਕਾਂ ਨਾਲ ਸਾਂਝ ਪਾਉਣ ਦੀ ਦਲੇਰੀ ਹੈ। ਉਹ ਮੁੱਢ ਤੋਂ ਕਿਸੇ ਚੰਗੇਰੀ ਦੁਨੀਆਂ ਦਾ ਗਾਹਕ ਰਿਹਾ ਹੈ। ਹੁਣ ਭੀ ਉਹ ਇਕ ਨਵੀਂ, ਤਕੜੀ ਦੁਨੀਆਂ ਦਾ ਚਾਹੀ ਤੇ ਝੰਡਾ-ਬਰਦਾਰ ਹੈ।

ਬਹੁਤ ਚਿਰ ਸਃ ਗੁਰਬਖ਼ਸ਼ ਸਿੰਘ ਕਿਸੇ ਐਸੇ ਸਦਾਚਾਰ, ਮਾਨਵ-ਵਾਦੀ ਸਾਹਿਤਕਾਰ ਦੇ ਰੋਮਾਨੀ ਨਜ਼ਰੀਏ ਦਾ ਮਾਲਕ ਰਿਹਾ, ਜਿਸ ਨੂੰ ਆਪਣੇ ਸਮਾਜ ਦੇ ਕੋਝ ਉੱਤੇ ਬੜਾ ਗੁੱਸਾ-ਗਿੱਲਾ ਹੋਵੇ ਤੇ ਜਿਸ ਦਾ ਪੁਰ ਪੁਟ, ਲੂੰ ਲੂੰ ਵਧੇਰੇ ਸੁਥਰੇ ਤੇ ਨਰੋਏ ਸਮਾਜ ਦੀ ਉਸਾਰੀ ਲਈ ਤੜਪ ਰਿਹਾ ਹੋਵੇ, ਪਰ ਕਿਸੇ ਬੁਨਿਆਦੀ ਫ਼ਲਸਫ਼ੇ ਦੀ ਅਣਹੋਂਦ ਦੇ ਕਾਰਣ, ਆਦਰਸ਼ਾਕ ਸਮਾਜ ਦੀ ਕੋਈ ਨਿੱਗਰ ਵਿਉਂਤ ਪੇਸ਼ ਕਰਨ ਦੇ ਅਸਮਰੱਥ ਹੋਵੇ। ਸ਼ਾਇਦ ਇਸੇ ਕਰਕੇ ਆਪ ਦੀਆਂ ਮੁਢਲੀਆਂ ਲਿਖਤਾਂ ਆਪਣੀ ਸਾਰੀ ਲਿਸ਼ਕ-ਪੁਸ਼ਕ, ਰਵਾਨੀ, ਰਸ-ਰੰਗ ਤੇ ਉਮਾਹ ਦੇ ਬਾਵਜੂਦ, ਛੋਹਲੀਆਂ ਤੇ ਲਫ਼ਜ਼ੀ ਤਾਣਾ ਬਾਣਾ ਲਗਦੀਆਂ ਹਨ। ਪਰ ਕੁੱਝ ਚਿਰ ਤੋਂ ਆਪ ਦੀਆਂ ਨਵੀਆਂ ਲਿਖਤਾਂ ਵਿਚ ਇਕ ਅਨੋਖਾ, ਨਰੋਆ ਤੇ ਰੱਜਵਾਂ ਭਰੋਸਾ ਤੇ ਜ਼ੋਰ ਪੈਦਾ ਹੋ ਗਿਆ ਹੈ। ਆਪ ਦੇ ਨਵੇਂ ਲੇਖਾਂ ਵਿਚੋਂ ਮਨੁੱਖ ਦੀਆਂ ਅੰਤਮ ਜਿੱਤਾਂ ਦਾ ਵਿਸ਼ਵਾਸ਼ ਡੁਲ੍ਹ ਡੁਲ੍ਹ ਪੈਂਦਾ ਹੈ।

ਸਃ ਗੁਰਬਖ਼ਸ਼ ਸਿੰਘ ਲਫ਼ਜ਼ਾਂ ਦਾ ਜਾਦੂਗਰ ਹੈ, ਕੌੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਕੌੜੀ ਗੱਲ ਨੂੰ ਮਿੱਠੀ ਬਣਾ ਕੇ, ਖ਼ੁਸ਼ਕ ਮਜ਼ਮੂਨ ਨੂੰ ਰੰਗਲਾ ਬਣਾ ਕੇ ਤੇ ਸਖ਼ਤ ਤੋਂ ਸਖ਼ਤ ਗੱਲ ਨੂੰ ਸਹਿੰਦੀ ਸਹਿੰਦੀ, ਠੱਜੀ-ਢੱਕੀ, ਕੂਲੀਪੱਟ ਬੋਲੀ ਵਿਚ ਵਲ੍ਹੇਟ ਕੇ ਬਿਆਨ ਕਰਨ ਵਿਚ ਆਪ ਦੇ ਹੁਨਰ ਦਾ ਕੋਈ ਮੁਕਾਬਲਾ ਨਹੀਂ। ਆਪ ਪਾਠਕਾਂ ਨੂੰ ਮਜਬੂਰ ਕਰ ਦੇਂਦੇ ਹਨ ਕਿ ਉਹ ਆਪਣੇ ਖ਼ਿਆਲ ਤਿਆਗ ਕੇ ਆਪ ਦੇ ਖ਼ਿਆਲ ਅਪਣਾਉਣ। ਕਦੀ ਆਪਣੇ ਤਜਰਬੇ ਦਾ ਰੰਗ ਭਰ ਕੇ, ਕਦੀ ਪਾਠਕ ਨਾਲ ਸਾਂਝ ਪਾ ਕੇ, ਉਸਨੂੰ ਵਡਿਆ ਤੇ ਆਪਣੇ ਆਪ ਨੂੰ ਛੁਟਿਆ ਕੇ, ਕਦੀ ਆਪਣੇ ਕਥਨਾਂ ਵਿਚ ਲੋਹੜੇ ਦੀ ਰੰਗੀਨੀ, ਕਵਿਤਾ ਤੇ ਕਲਪਣਾ ਭਰ ਕੇ, ਆਪ ਅਜਿਹੀ ਵੰਨ-ਸਵੰਨਤਾ ਪੈਦਾ ਕਰਦੇ ਹਨ ਕਿ ਕਈ ਵਾਰੀ, ਚੰਗੇ ਤੋਂ ਚੰਗਾ ਸਮਾਲੋਚਕ ਵੀ ਆਪ ਦੀਆਂ ਕਮਜ਼ੋਰੀਆਂ ਨਹੀਂ ਵੇਖ ਸਕਦਾ। ਆਪ ਉਪਮਾ ਤੇ ਰੂਪਕ ਦੀ ਬਹੁਤ ਵਰਤੋਂ ਕਰਦੇ ਹਨ। ਕਈ ਵਾਰੀ ਤਾਂ ਸਫ਼ਿਆਂ ਦੇ ਸਫ਼ੇ ਆਪ ਦੇ ਸੁੰਦਰ ਤੇ ਲਗਾਤਾਰ ਆਉਂਦੇ ਰੂਪਕਾਂ ਦੀਆਂ ਲਹਿਰਾਂ ਉੱਤੇ ਤਰਦੇ ਮਲੂਮ ਹੁੰਦੇ ਹਨ। ਆਪ ਨੇ ਪੰਜਾਬੀ ਵਿਚ ਅਨੇਕਾਂ ਭਾਵ-ਭਰੇ ਸਮਾਸ ਘੜੇ ਹਨ ਤੇ ਬੇਅੰਤ ਸਾਧਾਰਨ ਸ਼ਬਦਾਂ ਨੂੰ ਨਵੇਂ ਖ਼ਿਆਲ ਪ੍ਰਗਟਾਉਣ ਦੇ ਯੋਗ ਬਣਾਇਆ ਹੈ। ਆਪ ਦੀ ਲਿਖਤ ਵਿਚੋਂ ਅਨੇਕਾਂ ਵਾਰੀ ਨਵੀਂ ਵਾਹੀ ਧਰਤੀ ਦੀ ਸੁਗੰਧੀ, ਸੱਜਰੇ ਮੱਖਣ ਦੀ ਸਵੱਛਤਾ ਕੋਮਲ ਫੁੱਲਾਂ ਦੀ ਸੁਹਲਤਾ ਦਾ ਇਹਸਾਸ ਪੈਦਾ ਹੁੰਦਾ ਹੈ।

ਸਮੁੱਚੇ ਤੌਰ ਤੇ ਗੁਰਬਖ਼ਸ਼ ਸਿੰਘ ਇਸ ਵੇਲੇ, ਪੰਜਾਬੀ ਵਾਰਤਕ ਵਿਚ ਸਭ ਤੋਂ ਵੱਡਾ ਨਾਂ ਹੈ। ਜਦੋਂ ਆਪ ਰੀਝ ਨਾਲ ਲਿਖਦੇ ਹਨ ਤਾਂ ਪੰਜਾਬੀ ਦੀ ਸਭ ਤੋਂ ਸੁੰਦਰ ਵਾਰਤਕ ਪੈਦਾ ਹੁੰਦੀ ਹੈ।

CC-0. In Public Domain. Gurukul Kangri Collection, Haridwar

624/9 2585
Digitized by Arya Samaj Foundation Chennai and eGangotri

ਆਪ ਨੇ ਹੇਠ ਲਿਖੀਆਂ ਪੁਸਤਕਾਂ ਲਿਖ ਕੇ ਪੰਜਾਬੀ ਝੋਲੀ ਦੀ ਝੋਲੀ ਭਰੀ ਹੈ ।

ਪ੍ਰੀਤ ਮਾਰਗ, ਪਰਮ ਮਨੁਖ, ਕੁਦਰਤੀ ਮਜ਼ਹਬ, ਮੇਰੇ ਝਰੋਖੇ 'ਚੋਂ ਖੁਲ੍ਹਾ ਦਰਭਖਦੀ ਜੀਵਨ ਚੰਗਿਆੜੀ, ਸਾਵੀਂ ਪਧਰੀ ਜ਼ਿੰਦਗੀ, ਸੁਖਾਵੀਂ ਸੁਧੱਰੀ ਜ਼ਿੰਦਗੀ, ਨਵਾਂ ਸ਼ਿਵਾਲਾ; ਸਾਡੇ ਵਾਰਸ, ਪਰਸੰਨ ਲੰਮੀ ਉਮਰ, ਜ਼ਿੰਦਗੀ ਦੇ ਸਕੂਲ ਚੋਂ, ਚੰਗੇਰੀ ਦੁਨੀਆ, ਖੁਸ਼ਹਾਲ ਜੀਵਨ, ਸੰਪੂਰਨਤਾ ਦੀ ਲਗਨ, ਮੇਰੀਆਂ ਅਭੁਲ ਯਾਦਾਂ, ਪ੍ਰਣ ਪੁਸਤਕ, ਇਕ ਦੁਨੀਆਂ ਦੇ ਤੇਰਾਂ ਸੁਪਨੇ, ਮਨੋਹਰ ਸ਼ਖਸੀਅਤ, ਅਨੋਖੇ ਤੇ ਇੱਕਲੇ ਪ੍ਰੀਤ ਕਹਾਣੀਆਂ, ਵੀਣਾ ਵਿਨੋਦ, ਨਾਗ ਪ੍ਰੀਤ ਦਾ ਜਾਦੂ, ਭਾਬੀ ਮੈਨਾ, ਅਣਵਿਆਹੀ ਮਾਂ, ਰਾਜ ਕੁਮਾਰੀ ਲਤਿਕਾ, ਪ੍ਰੀਤ ਮੁਕਟ, ਪ੍ਰੀਤ ਮਣੀ, ਸਾਡੀ ਹੋਣੀ ਦਾ ਲਿਸ਼ਕਾਰਾ, ਏਸ਼ੀਆ ਦਾ ਚਾਨਣ, ਸੁਪਨੇ ।

पुस्तकालय
गुरुकुल कांगड़ी

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰੋ: ਈਸ਼ਵਰ ਚੰਦਰ ਨੰਦਾ

ਈਸ਼ਵਰ ਚੰਦਰ ਨੰਦਾ ਠੇਠ ਪੰਜਾਬੀ ਹੈ। ਇਸ ਨੇ ਆਪਣੀ ਮਾਤਾ ਨੂੰ ਚੌਲ ਛੜਦਿਆਂ ਤੇ ਦੱਕੀ ਪੀਂਹਦਿਆਂ ਦੇਖਿਆ ਹੈ। ਇਸ ਨੇ ਆਪਣੀ ਉਪਜੀਵਕਾ ਲਈ ਕਿਸੇ ਦੌ ਘਤ ਆਪਣੇ ਹਥੀਂ ਭਾਂਡੇ ਮਾਂਜੇ ਹਨ ਤੇ ਬਾਜਾਰ ਵਿੱਚ ਛਾਬੜੀ ਲਾਈ ਹੈ। ਇਸ ਨੇ ਅਤਿ ਦੀ ਗਰੀਬੀ ਦੇਖੀ ਹੈ। ਵਡਿਆਂ ਹੋ ਕੇ ਅਤਿ ਦੀ ਖੂਬਸੂਰਤੀ ਤੇ ਸ਼ੁਕੀਨੀ ਮਾਣੀ ਹੈ। ਵਲੈਤਾਂ ਵਿੱਚ ਫਿਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੇ ਰੰਗਾ-ਰੰਗ ਦੀ ਦੁਨੀਆ ਦੇਖੀ ਹੈ । ਉੱਚੀ ਤੋਂ ਉੱਚੀ ਵਿਦਿਆ ਹਾਸਲ ਕਰ ਕੇ ਲਿਆਕਤ ਪੈਦਾ ਕੀਤੀ ਹੈ ਅਤੇ ਵਿਦਿਅਕ ਦੁਨੀਆ ਅੰਦਰ ਮਾਣ ਪਾਇਆ ਹੈ । ਇਹ ਇਸ ਦੇ ਜੀਵਨ ਦੇ ਮੌਕੇ ਸਨ, ਤਜਰਬੇ ਦੇ ਪੜਾ ਸਨ, ਜਿਨ੍ਹਾਂ ਰਾਹੀਂ ਇਸ ਨੇ ਪੰਜਾਬ ਤੇ ਪੰਜਾਬੀਆਂ ਦੇ ਜੀਵਨ ਨੂੰ ਨੇੜ ਹੋ ਕੇ ਦੇਖਿਆ ਹੈ । ਇਹੋ ਜਿਹੇ ਤਜਰਬੇ ਹੀ ਆਦਮੀ ਨੂੰ ਕਲਾਵਾਨ ਬਣਾਂਦੇ ਹਨ । ਸੁੱਖਾਂ ਵਿੱਚ ਪੱਲੇ ਆਦਮੀ ਵੀ ਉੱਚੇ ਵਿਦਵਾਨ ਤੇ ਕਲਾਕਾਰ ਬਣ ਸਕਦੇ ਹਨ ਪਰ ਜਿਹੜਾ ਸਾਹਿਤ ਗਰੀਬੀ ਵਿੱਚ ਜੰਮੇ ਤੇ ਜੀਵਨ ਦੀਆਂ ਚੂੰਘਆਈਆਂ ਵਿਚੋਂ ਲੰਘੇ, ਤੱਤੇ ਠੰਢੇ ਅਸਰਾਂ ਹੇਠ ਪਲੇ ਲਿਖਾਰੀ ਪੈਦਾ ਕਰਦੇ ਹਨ ਉਸ ਦਾ ਆਪਣਾ ਹੀ ਰੰਗ ਹੁੰਦਾ ਹੈ । ਮੈਂ ਜਦ ਕਹਿੰਦਾ ਹਾਂ ਕਿ ਪ੍ਰੋ: ਨੰਦਾ ਠੇਠ ਪੰਜਾਬੀ ਹੈ ਤਾਂ ਮੇਰਾ ਭਾਵ ਇਹ ਹੈ ਕਿ ਪੰਜਾਬ ਦਾ ਆਪਣਾ ਖਾਸ ਲਿਖਾਰੀ ਹੈ । ਇਸ ਦੀ ਬਣਤਰ ਵਿੱਚ ਪੰਜਾਬੀਅਤ ਹੈ, ਪੰਜਾਬ ਦੀ ਅਪਣਤ ਹੈ, ਜਿਸ ਨੂੰ ਹਰ ਪੰਜਾਬੀ ਦਿਲੋਂ ਮਨੋਂ ਹੋ ਕੇ ਪਿਆਰ ਕਰ ਸਕਦਾ ਹੈ ।

ਈਸ਼ਵਰ ਚੰਦਰ ਨੰਦਾ ੩੦ ਸਤੰਬਰ, ੧੯੬੨ ਨੂੰ ਲਾਲਾ ਭਾਗ ਮਲ ਦੇ ਘਰ ਪਿੰਡ ਗਾਂਧੀਆਂ ਜ਼ਿਲਾ ਗੁਰਦਾਸਪੁਰ ਵਿੱਚ ਪੈਦਾ ਹੋਇਆ । ਪਿਤਾ ਛੋਟੀ ਉਮਰ ਵਿੱਚ ਹੀ ਕਾਲਵਸ ਹੋ ਗਿਆ । ਪਿੰਡ ਵਿੱਚ ਪਲੇਗ ਪੈਣ ਕਰਕੇ ਇਹ ਟਬਰ ਗੁਰਦਾਸਪੁਰ ਸ਼ਹਿਰ ਵਿੱਚ ਆ ਵਸਿਆ । ਇਨ੍ਹਾਂ ਦੀ ਪਾਲਣਾ ਇਨ੍ਹਾਂ ਦੀ ਮਾਤਾ ਸ੍ਰੀ ਮਤੀ ਆਤਮਾ ਦੇਵੀ ਨੇ ਕੀਤੀ । ਅਤਿ ਗਰੀਬੀ ਦੇ ਕਾਰਨ ਹਥੀਂ ਮਿਹਨਤ ਮਜ਼ਦੂਰੀ ਕਰਦੇ ਵੱਡੇ ਹੋਏ ਪਰ ਵਿਦਿਆ ਦੀ ਲਗਨ ਬਣੀ ਰਹੀ । ਪੰਜਵੀਂ, ਅੱਠਵੀਂ, ਦਸਵੀਂ ਜਮਾਤਾ ਦੇ ਇਮਤਿਹਾਨਾਂ ਵਿੱਚ ਵਜ਼ੀਫੇ ਲਏ । ੧੯੧੧ ਵਿੱਚ ਗੌਰਮਿੰਟ ਹਾਈ ਸਕੂਲ ਗੁਰਦਾਸਪੁਰ ਤੋਂ ਮੈਟ੍ਰਿਕ ਪਾਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਕੀਤਾ ਅਤੇ ਐਫ. ਸੀ. ਕਾਲਜ ਲਾਹੌਰ ਵਿੱਚ ਦਾਖਲ ਹੋਏ। ਛੇਤ ਹੀ ਦਿਆਲ ਸਿੰਘ ਕਾਲਜ ਚਲੇ ਗਏ ਤੇ ਉਥੋਂ ਐਫ. ਏ. ਪਾਸ ਕਰਕੇ ਫੇਰ ਐਫ. ਸੀ. ਕਾਲਜ ਵਿੱਚ ਜਾ ਦਾਖਲ ਹੋਏ। ਉਥੋਂ ਬੀ. ਏ. ਆਨਰਜ਼ ਵਿੱਚ ਪਹਿਲੇ ਨੰਬਰ ਤੇ ਪਾਸ ਹੋਏ ਤੇ ਯੂਨੀਵਰਸਟੀ ਦਾ ਵਜ਼ੀਫਾ ਲਿਆ। ਨਾਲ ਹੀ ਪਟਿਆਲਾ ਸਾਈਮ ਮੈਡਲ ਤੇ ਰਾਜਾ ਹਰਨਾਮ ਸਿੰਘ ਗੋਲਡ ਮੈਡਲ ਹਾਸਲ ਕੀਤੇ ੧੯੧੭ ਵਿੱਚ ਅੰਗਰੇਜ਼ੀ ਦਾ ਐਮ. ਏ. ਪਹਿਲੇ ਨੰਬਰ ਤੇ ਪਹਿਲੇ ਡਵੀਜ਼ਨ ਵਿੱਚ ਪਾਸ ਕੀਤਾ। ਇਸ ਤੇ ਉਹ ਦਿਆਲ ਸਿੰਘ ਕਾਲਜ ਵਿੱਚ ਅੰਗਰੇਜ਼ੀ ਦੇ ਪ੍ਰੋਫੈਸਰ ਲਗ ਗਏ। ਤਿੰਨ ਸਾਲ ਮਗਰੋਂ ਇਹ ਸਰਕਾਰੀ ਨੌਕਰੀ ਵਿੱਚ ਚਲੇ ਗਏ ਅਤੇ ਇਨ੍ਹਾਂ ਨੂੰ ਗੌਰਮਿੰਟ ਕਾਲਜ ਮੁਲਤਾਨ ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਬਣਾ ਕੇ ਭੇਜ ਦਿੱਤਾ ਗਿਆ ਅਤੇ ੧੯੨੩ ਵਿਚ ਗੌਰਮਿੰਟ ਕਾਲਜ ਲਾਹੌਰ ਵਿੱਚ ਆ ਗਏ। ਸਤੰਬਰ ੧੯੨੪ ਵਿੱਚ ਵਲੈਤ ਜਾ ਕੇ ਔਕਸਫੋਰਡ ਯੂਨੀਵਰਸਟੀ ਦੀ ਬੀ. ਏ. ਦੀ ਡਿਗਰੀ ਹਾਸਲ ਕੀਤੀ। ਇਸ ਤਰ੍ਹਾਂ ਉੱਚੀ ਤੋਂ ਉੱਚੀ ਵਿਦਿਆ ਪਰਾਪਤ ਕਰਕੇ ਗੌਰਮਿੰਟ ਕਾਲਜ ਲਾਹੌਰ ਵਿੱਚ ਅੰਗਰੇਜ਼ੀ ਦੇ ਪ੍ਰੋਫੈਸਰ ਆ ਲੱਗੇ ਅਤੇ ਕੁਝ ਚਿਰ ਗੌਰਮਿੰਟ ਕਾਲਜ ਰੋਹਤਕ ਵਿੱਚ ਪ੍ਰਿੰਸੀਪਲੀ ਕਰਕੇ ਮੁੜ ਗੌਰਮਿੰਟ ਕਾਲਜ ਲਾਹੌਰ ਵਿੱਚ ਆ ਕੇ ੧੯੪੭ ਵਿੱਚ ਪੈਨਸ਼ਨ ਤੇ ਰਿਟਾਇਰ ਹੋਏ।

ਇਨ੍ਹਾਂ ਨੇ ਆਪਣੀ ਸਾਹਿਤਕ ਜ਼ਿੰਦਗੀ ਨਾਟਕਕਾਰ ਦੇ ਤੌਰ ਤੇ ਸ਼ੁਰੂ ਕੀਤੀ ਅਤੇ ਆਪਣੇ ਸਮੇਂ ਦੇ ਚੋਟੀ ਦੇ ਨਾਟਕਕਾਰ ਹੋਏ ਹਨ। ਇਨ੍ਹਾਂ ਦੇ ਹੁਨਰ ਦਾ ਚਮਤਕਾਰ ੧੯੨੬ ਤੋਂ ੧੯੩੧ ਤਕ ਰਿਹਾ ਹੈ ਭਾਵੇਂ ਇਹ ਕੰਮ ੧੯੦੯ ਤੋਂ ਹੀ ਇਨ੍ਹਾਂ ਨੇ ਡਰਾਮਿਆਂ ਵਿੱਚ ਐਕਟਰ ਦੇ ਤੌਰ ਤੇ ਸ਼ੁਰੂ ਕੀਤਾ ਹੋਇਆ ਸੀ। ਸਭ ਤੋਂ ਪਹਿਲਾਂ ਇਨ੍ਹਾਂ ਦੀ ਰੁਚੀ ਕਾਦਰ ਯਾਰ ਦੇ ਕਿੱਸੇ 'ਪਰਨ' ਨੇ ਖਿੱਚੀ। ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਨ੍ਹਾਂ ਦੀ ਸਭ ਤੋਂ ਪਹਿਲੀ ਰਚਨਾ 'ਦੁਲਹਨ' ਸੀ ਜੋ ੧੯੧੩ ਦੇ ਇਨਾਮੀ ਮੁਕਾਬਲੇ ਵਿੱਚ ਪੇਸ਼ ਹੋ ਕੇ ਪਹਿਲੇ ਨੰਬਰ ਤੇ ਰਹੀ। ਇਸ ਦਾ ਅੰਗਰੇਜ਼ੀ ਉਲਥਾ "ਨੀਊ ਪੰਜਾਬੀ ਪਲੇਜ਼" ਦੇ ਨਾਂ ਥਲੇ 'ਮਾਡਰਨ ਰੀਵੀਓ' ਵਿੱਚ ਛਪਿਆ। ਇਨ੍ਹਾਂ ਦੀ ਦੂਜੀ ਰਚਨਾ 'ਬੇਬੇ ਰਾਮ ਭਜਨੀ' ੧੯੧੪ ਦੇ ਇਨਾਮੀ ਮੁਕਾਬਲੇ ਵਿਚ ਦੂਜੇ ਨੰਬਰ ਤੇ ਰਹੀ ਤੇ ਇਸ ਦਾ ਉਲਥਾ ਵੀ ਮਾਡਰਨ ਰੀਵੀਊ ਵਿੱਚ ਛਪਿਆ। ਇਨ੍ਹਾਂ ਨਾਟਕੀ ਲਿਖਤਾਂ ਲਈ ਉਤਸ਼ਾਹ ਨੰਦਾ ਜੀ ਨੂੰ ਆਪਣੇ ਪ੍ਰੋਫੈਸਰ ਮਿਸਟਰ ਲੈਂਹਰਾ ਰਿਚਰਡਜ਼ ਤੇ ਉਸ ਦੀ ਸੁਪਤਨੀ ਵਲੋਂ ਮਿਲਿਆ। ਸ੍ਰੀ ਮਤੀ ਜੀ ਹੁਣ ਤਕ ਇਨ੍ਹਾਂ ਨੂੰ ਉਤਸ਼ਾਹ ਦੇ ਰਹੇ ਹਨ। ਇਸ ਤੋਂ ਬਿਨਾਂ ਪ੍ਰੋ: ਪੂਰਨ ਸਿੰਘ ਤੇ ਸਰ ਜੋਗਿੰਦਰ ਸਿੰਘ ਵਲੋਂ ਵੀ ਸਮੇਂ ਸਮੇਂ ਸਿਰ ਸਹਾਇਤਾ ਤੇ ਹਲਾਸ਼ੇਰੀ ਮਿਲਦੀ ਰਹੀ ਹੈ। ਜਦ ੧੯੧੯ ਦੀਆਂ ਗਰਮੀ ਦੀਆਂ ਛੁੱਟੀਆਂ ਵਿੱਚ ਇਨ੍ਹਾਂ ਨੇ ਸੁਭਦਰਾ ਦਾ ਪਹਿਲਾ ਨਾਟ ਪ੍ਰੋਫੈਸਰ ਪੂਰਨ ਸਿੰਘ ਜੀ ਨੂੰ ਡੇਹਰਾਦੂਨ ਸੁਣਾਇਆ ਤਾਂ ਉਹ ਸੁਣ ਕੇ ਬੜੇ ਖੁਸ਼ ਹੋਏ ਅਤੇ ਇਸ ਨੂੰ ਪੂਰਾ ਕਰਨ ਲਈ ਪਰੇਰਨਾ ਕੀਤੀ। ਫਿਰ ਜਦ ੧੯੨੦ ਵਿੱਚ ਇਹ ਛਪਣ ਲੱਗਾ ਤਾਂ ਸਰ ਜੋਗਿੰਦਰ ਸਿੰਘ ਜੀ ਨੇ ਇਸ ਦੀ ਭੂਮਕਾ ਲਿਖ ਕੇ ਲਿਖਾਰੀ ਦਾ ਹੌਸਲਾ ਵਧਾਇਆ ਅਤੇ ਪੰਜ ਸੌ ਕਾਪੀਆਂ ਦੀ ਛਪਾਈ ਦਾ ਖ਼ਰਚ ਆਪਣੇ ਪਲਿਉਂ ਦਿੱਤਾ।

ਜਦ ਨੰਦਾ ਜੀ ੧੯੨੮ ਵਿੱਚ ਵਲੈਤ ਗਏ ਤਾਂ ਉਥੋਂ ਦੇ ਸਾਹਿਤਕ ਦੁਆਲੇ ਵਿੱਚ ਪੰਜਾਬੀ ਨਾਟਕਾਂ ਦੇ ਪਲਾਟ ਇਨ੍ਹਾਂ ਦੇ ਦਿਮਾਗ਼ ਵਿੱਚ ਚੱਕਰ ਲਾਉਂਦੇ ਰਹੇ। 'ਸ਼ਾਮੂ ਸ਼ਾਹ' ਤੇ 'ਵਰ-ਘਰ' ਦਾ ਖਿਆਲ ਉਥੇ ਹੀ ਪੈਦਾ ਹੋਇਆ ਜੋ ਵਲੈਤ ਤੋਂ ਵਾਪਸ ਆਉਣ ਤੇ ੧੯੨੮-੧੯੨੯ ਵਿੱਚ ਪੂਰਾ ਹੋਇਆ।

ਇਨ੍ਹਾਂ ਦੀ ਨਾਟਕ ਰਚਨਾ ਨੇ ਲਾਹੌਰ ਵਿੱਚ ਚੋਖੀ ਰੁਚੀ ਨਾਟਕ ਦੇਖਣ ਦਖਾਉਣ ਲਈ ਪੈਦਾ ਕਰ ਦਿੱਤੀ। ਗੌਰਮਿੰਟ ਕਾਲਜ ਲਾਹੌਰ ਵਿੱਚ ਪੰਜਾਬੀ ਸਭਾ ਕਾਇਮ ਕੀਤੀ ਗਈ, ਜਿਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਦੀ ਛਤਰ ਛਾਇਆ ਹੇਠ ਨੰਦਾ ਜੀ ਦੇ ਪੰਜਾਬੀ ਨਾਟਕ ਸਟੇਜ ਤੇ ਹੋਣ ਲੱਗੇ । ਇਨ੍ਹਾਂ ਨਾਟਕਾਂ ਨੇ ਨਾ ਕੇਵਲ ਲਾਹੌਰ ਸਗੋਂ ਹੋਰਨਾਂ ਸ਼ਹਿਰਾਂ ਵਿੱਚ ਵੀ ਇਸ ਸਾਹਿਤਕ ਵੰਨਗੀ ਦੀ ਧੁਮ ਪਾ ਦਿੱਤੀ । ਸੁਭਦਰਾਂ ਨਾਟਕ ਖਾਸ ਕਰਕੇ ਪਸੰਦ ਕੀਤਾ ਗਿਆ ਅਤੇ ਇਸ ਨੂੰ ਕਈਆਂ ਥਾਵਾਂ ਤੇ ਸਟੇਜ ਤੇ ਖੇਡਿਆ ਗਿਆ । ਪੰਜਾਬੀ ਕਾਨਫ਼ਰੰਸ ਅੰਮ੍ਰਿਤਸਰ ਦੇ ਮੌਕੇ ਤੇ ਇਸ ਦੇ ਖਿਡਾਰੀਆਂ ਨੂੰ ਜਨਤਾ ਵਲੋਂ ੯ ਤਮਗੇ ਦਿੱਤੇ ਗਏ ਅਤੇ ਸੁਰਗਵਾਸੀ ਸ: ਬ: ਹੁਕਮ ਸਿੰਘ ਜੀ ਦੀ ਪਰੇਰਨਾ ਨਾਲ ਉਚੇਚੇ ਤੌਰ ਤੇ ਇਸਤਰੀਆਂ ਲਈ ਇਹ ਨਾਟਕ ਖੇਡਿਆ ਗਿਆ । ਫੇਰ ਵਸਾਖੀ ਦੇ ਮੌਕੇ ਤੇ ਪੰਜੇ ਸਾਹਿਬ ਜਾ ਕੇ 'ਨੰਦ' ਜੀ ਨੇ ੧੦ ਹਜ਼ਾਰ ਦੀ ਹਾਜ਼ਰੀ ਵਿੱਚ ਇਹ ਨਾਟਕ ਖਿਡਾ ਕੇ ਦਿਖਾਇਆ, ਜਿਸ ਦੀ ਬਹੁਤ ਪਰਸੰਸਾ ਹੋਈ । ਫਿਰ ਇਸ ਨਾਟਕ ਦੇ ਉਰਦੂ ਉਲਥੇ ਹੋਣੇ ਸ਼ੁਰੂ ਹੋਏ ਅਤੇ 'ਸੁਭਦਰਾ' ਨਾਟਕ ਉਰਦੂ ਵਿੱਚ ੧੯੨੯ ਵਿੱਚ ਸਰਬ ਭਾਰਤੀ ਸਮਾਜਕ ਕਾਨਫ਼ਰੰਸ ਦੇ ਮੌਕੇ ਤੇ ਸਟੇਜ ਕੀਤਾ ਗਿਆ ।

'ਨੰਦਾ' ਜੀ ਦੇ ਉਦੱਮ ਨਾਲ ਪੰਜਾਬੀ ਨਾਟਕਾਂ ਦੀ ਧੁਮ ਪੈ ਜਾਣ ਕਰਕੇ ਈਰਖਈ ਲੋਕਾਂ ਨੂੰ ਨੰਦਾ ਜੀ ਦਾ ਲਾਹੌਰ ਵਿੱਚ ਰਹਿਣਾ ਚੰਗਾ ਨਾ ਲੱਗਾ । ਸੋ ਇਨ੍ਹਾਂ ਦੀ ਤਬਦੀਲੀ ੧੯੩੧ ਵਿੱਚ ਲਾਇਲਪੁਰ ਕਰਵਾਈ ਗਈ ਅਤੇ ਉਥੋਂ ੧੯੩੩ ਵਿੱਚ ਰੋਹਤਕ ਕਾਲਜ ਦੇ ਪ੍ਰਿੰਸੀਪਲ ਬਣਾ ਕੇ ਭੇਜ ਦਿਤਾ ਗਿਆ । ਇਸ ਚਾਲ ਨਾਲ ਪੰਜਾਬੀ ਨਾਟਕ ਨੂੰ ਬਹੁਤ ਧੱਕਾ ਵੱਜਾ । 'ਨੰਦਾ' ਜੀ ਦੀਆਂ ਸਾਹਿਤਕ ਰੁਚੀਆਂ ਕੁਝ ਚਿਰ ਲਈ ਠੰਢੀਆਂ ਪੈ ਗਈਆਂ ਅਤੇ ਇਨ੍ਹਾਂ ਨ ਆਪਣੇ ਮਨ ਦੀਆਂ ਵਾਰਤਾ ਨਾਵਲ ਅਤੇ ਕਹਾਣੀਆਂ ਵਲ ਫੇਰ ਲਈਆਂ । ਇਕ ਕਹਾਣੀ 'ਤੇਜ ਕੌਰ' ਤੇ ਇਕ ਨਾਵਲ 'ਮੁਰਾਦ' ੧੯੪੩ ਵਿੱਚ ਲਿਖਿਆ । ਜੇ ਉਤਸ਼ਾਹ ਮਿਲਦਾ ਰਹਿੰਦਾ ਤਾਂ ਪੰਜਾਬੀ ਵਿਚ ਹੋਰ ਵਾਧਾ ਹੁੰਦਾ ਕਿਉਂਕਿ ਸਾਹਿਤਕਾਰ ਦੇ ਦਿਲ ਦੇ ਸੋਮੇ ਕਦੀ ਬੰਦ ਨਹੀਂ ਹੁੰਦੇ । ਹੁਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੀ ਪਿਨਸ਼ਨ ਲੈਣ ਤੋਂ ਪਿਛੋਂ ਨੰਦਾ ਜੀ ਨੇ ੧੯੫੦ ਵਿੱਚ ਇਕਾਂਗੀ ਨਾਟਕਾਂ ਦਾ ਸੰਗ੍ਰਹਿ 'ਝਲਕਾਰੇ' ਪਰਕਾਸ਼ਤ ਕੀਤਾ ਹੈ। "ਲਸ਼ਕਾਰੇ" ਆਦਿ ਕਈ ਹੋਰ ਰਚਨਾਵਾਂ ਪਰਕਾਸ਼ਤ ਹੋਣ ਵਾਲੀਆਂ ਹਨ।

ਜਿਸ ਵੇਲੇ ਨੰਦਾ ਜੀ ਨੇ ਨਾਟਕ ਲਿਖਣੇ ਸ਼ੁਰੂ ਕੀਤੇ ਉਸ ਵੇਲੇ ਤਕ ਕੋਈ ਹੋਰ ਨਾਟਕਕਾਰ ਮੈਦਾਨ ਵਿਚ ਨਹੀਂ ਸੀ ਆਇਆ। ਜਿਸ ਕਿਸੇ ਨੇ ਥੋੜੀ ਬਹੁਤੀ ਕੋਸ਼ਸ਼ ਕੀਤੀ ਵੀ ਸੀ ਉਸ ਦੀ ਰਚਨਾ ਹੁਨਰ ਦੇ ਲਿਹਾਜ਼ ਨਾਲ ਜ਼ਿਕਰ ਕਰਨ ਦੇ ਜੋਗ ਨਹੀਂ। ਉਸ ਵੇਲੇ ਕਵਿਤਾ, ਕਹਾਣੀ ਤੇ ਪੰਜਾਬੀ ਸਾਹਿਤ ਦੇ ਹੋਰ ਅੰਗ ਸੁਧਾਰਕ ਰੁਚੀ ਵਾਲੇ ਹੀ ਸਨ। ਇਨ੍ਹਾਂ ਦੇ ਨਾਟਕਾਂ ਵਿਚ ਵੀ ਸਮਾਜਕ ਸੁਧਾਰ ਦਾ ਰੰਗ ਹੀ ਪਰਧਾਨ ਸੀ। 'ਸੁਭੱਦਰਾ' 'ਵਰ ਘਰ' ਵਿਚ ਸਮਾਜ ਦੇ ਦੋਹਾਂ ਪੱਖਾਂ ਦਾ ਟਾਕਰਾ ਹੀ ਦਸਿਆ ਗਿਆ ਹੈ। ਇਕ ਪਿੱਛਾਂ-ਖਿੱਚੂ ਜਾਂ ਪੁਰਾਣੇ ਰਸਮਾਂ ਰਵਾਜਾਂ ਦਾ ਸ਼ਰਧਾਲੂ ਦੂਜਾ ਅਗਾਂਹ-ਵਧੂ ਨਵੀਆਂ ਲੀਹਾਂ ਦੇ ਚਲਣ ਵਾਲਾ। ਇਹ ਸਮਾਜਕ ਘੋਲ ਦੁਖਾਂਤ ਨਹੀਂ ਬਣਦਾ ਸਗੋਂ ਇਕ ਵਿਚ ਵਿਚਾਲੇ ਆਉਣ ਵਾਲੇ ਪੱਖ ਦੀ ਸਹਾਇਤਾ ਨਾਲ ਆਪੋ ਵਿਚ ਸਮਝੌਤਾ ਹੋ ਜਾਂਦਾ ਹੈ ਤੇ ਨਾਟਕੀ ਗੁੰਝਲ ਦੁਖਾਂਤ ਪੈਦਾ ਕਰਨ ਦੀ ਥਾਂ ਸੋਹਣੀ ਤਰਾਂ ਸੁਲਝ ਕੇ ਸੁਖਾਂਤ ਬਣਾ ਦੇਂਦੀ ਹੈ। ਉਸ ਸਮੇਂ ਦੇ ਸਮਾਜ ਦੀ ਇਨ-ਬਿਨ ਤਸਵੀਰ ਪੈਦਾ ਕਰਨ ਵਿਚ ਇਹ ਲਿਖਾਰੀ ਯਥਾਰਥਵਾਦੀ ਅਖਵਾ ਸਕਦਾ ਹੈ। ਸੁਭੱਦਰਾ ਦੀ ਕਹਾਣੀ ਨਾ ਕੇਵਲ ਪੰਜਾਬ ਦੇ ਉਸ ਸਮੇਂ ਦੇ ਸਮਾਜਕ ਧੱਕੇ ਨੂੰ ਹੂਬਹੂ ਚਿਤਰਦੀ ਹੈ, ਸਗੋਂ ਇਹ ਵਾਰਤਾ ਉਨ੍ਹਾਂ ਦੇ ਆਪਣੇ ਇਕ ਮਿਤਰ ਦੀ ਹੱਡ-ਬੀਤੀ ਉੱਤੇ ਨਿਰਭਰ ਹੈ। ਅੱਜ ਕਲ੍ਹ ਦੇ ਕਈ ਯਥਾਰਥਵਾਦੀਆਂ ਵਾਂਗੂੰ ਇਹ ਲਿਖਾਰੀ ਨਗਨ-ਵਾਦ ਵਿਚ ਨਹੀਂ ਪੈਂਦਾ। ਸਭਿਤਾ ਤੇ ਸਦਾਚਾਰ ਦੀਆਂ ਪਰਮਾਣੀਕ ਲੀਹਾਂ ਨੂੰ ਨਹੀਂ ਉਲੰਘਦਾ। ਬੋਲੀ ਵੀ ਬੜੀ ਸਾਊ ਤੇ ਠੁੱਕ ਵਾਲੀ ਵਰਤਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅੰਗਰੇਜ਼ੀ ਸਾਹਿਤ ਦਾ ਇਤਨਾ ਵਿਦਵਾਨ ਹੋਣ ਦੇ ਬਾਵਜੂਦ ਇਤਨੀ ਠੇਠ ਬੋਲੀ ਦਾ ਵਰਤਾਉ ਇਕ ਅਦੰਭੇ ਤੋਂ ਘੱਟ ਨਹੀਂ। ਪਾਤਰ ਆਪੋ ਵਿਚਦੀ ਗੱਲ ਬਾਤ ਕਰਦਿਆਂ ਨਾਟਕੀ ਲੋੜ ਦੇ ਐਨ ਅਨੁਸਾਰ ਚੁਕਵੀਂ ਬੋਲੀ ਵਰਤਦੇ ਹਨ। ਪੱਛਮੀ ਵਿਦਆ ਦਾ ਸ਼ੁਕੀਨ ਕਪੂਰ ਨਾ ਕੇਵਲ ਵਰਤਦੀਆਂ ਹਨ। ਇਨ੍ਹਾਂ ਦੇ ਨਾਟਕ ਪੜ੍ਹਣ ਵਾਲਿਆਂ ਨੂੰ ਆਪਣੇ ਸਮਾਜ ਦੀ ਬਾਬਤ ਬਹੁਤ ਲੋੜੀਂਦੀ ਵਾਕਫੀ ਮਿਲਦੀ ਹੈ, ਜੋ ਅੱਜ ਕਲ੍ਹ ਦੇ ਪੜ੍ਹਾਕੂਆਂ ਪਾਸੋਂ ਦੂਰ ਜਾ ਰਹੀ ਹੈ। ਇਹ ਲਿਖਾਰੀ ਅੱਜ ਕਲ੍ਹ ਦੇ ਗੋਲ ਕਮਰਿਆਂ ਵਿਚ ਹੁੰਦੀ ਘੁਰ ਘੁਰ ਅਤੇ ਖਿਆਲੀ ਉਲਝਣਾਂ ਵਿਚ ਨਹੀਂ ਪੈਂਦਾ ਅਤੇ ਨਾ ਨਵੇਂ ਮਸਲੇ ਘੜ ਘੜ ਕੇ ਆਪਣੀਆਂ ਰਾਵਾਂ ਨਾਲ ਚਕਰਿਤ ਕਰਦਾ ਹੈ। ਇਨ੍ਹਾਂ ਦੇ ਪਾਤਰ ਇਨ੍ਹਾਂ ਦੀਆਂ ਰਾਵਾਂ ਵਿਚੋਂ ਨਹੀਂ ਨਿਕਲਦੇ ਸਗੋਂ ਪਾਤਰਾਂ ਦੇ ਆਪੋ ਆਪਣੀਆਂ ਸੁਭਾਵਕ ਆਚਰਣ ਉਸਾਰੀਆਂ ਵਿਚੋਂ ਰਾਵਾਂ ਨਿਕਲਦੀਆਂ ਹਨ। ਚੰਗੇ ਨਾਟਕ ਦੀ ਇਹੋ ਖੂਬੀ ਹੋਇਆ ਕਰਦੀ ਹੈ।

ਇਹ ਲਿਖਾਰੀ ਸਸਤੇ ਨਾਟਕਕਾਰਾਂ ਵਾਂਗੂ ਹਾਸ ਰਸੀ ਚੁਟਕਲੇ ਤੇ ਜ਼ਬਾਨੀ ਹੇਰਾ ਫੇਰੀ ਵਿਚ ਮਹੁਤ ਨਹੀਂ ਪੈਂ ਦਾਸਰੀਂ ਹਾਸ-ਰਸ ਵਾਲੇ ਮੌਕੇ ਪੈਦਾ ਕਰਦਾ ਹੈ। ਜਿਸ ਮੁੰਡੇ ਨੈਕਸ਼ਨ ਬਾਬਤ ਲਿੱਲੀ ਦੀ ਬੇਬੇ ਨੱਕ ਚਾੜ੍ਹਦੀ ਰਹਿੰਦੀ ਸੀ ਉਸੇ ਬਾਬਤ ਇਹ ਨਾਟਕਕਾਰ ਅਜਿਹਾ ਢੁਕਾਂਦਾ ਹੈ ਕਿ ਉਹੀ ਬੇਬੇ ਮੁੰਡੇ ਦੇ ਪੈਰਾਂ ਹੇਠ ਤਲੀਆਂ ਪਈ ਧਰਦੀ ਹੈ, ਤਰਲੇ ਲੈਂਦੀ ਹੈ ਕਿ ਕਿਧਰੇ ਮੁੰਡਾ ਹੱਥੋਂ ਨਾ ਨਿਕਲ ਜਾਏ।

"ਹੱਛਾ ਹੱਛਾ ਮੈਂ ਜਾਨੀਆਂ, ਪਰ ਸੋਚ ਸਮਝ ਕੇ ਕਹਿਣਾ। ਪਿਆਰ ਨਾਲ ਦਲਾਸੇ ਨਾਲ ਗੱਲ ਕਰਨੀ। ਮਨਾ ਕੇ ਛਡਿਓ। ਜੋ ਕੁਝ ਕਹੇ ਸੋਈ ਮੰਨ ਜਾਉ। ਕੋਝੀ ਢਿੱਕੀ ਗੱਲ ਨਾ ਕਰਨੀ।"

ਅੱਜ ਕੱਲ ਨੰਦਾ ਜੀ ਵਡੇ ਨਾਟਕਾਂ ਦੀ ਥਾਂ ਇਕਾਂਗੀ ਨਾਟਕ ਲਿਖ ਰਹੇ ਹਨ ਜਿਨ੍ਹਾਂ ਵਿਚੋਂ ਝਲਕਾਰੇ ਨਾਂ ਦਾ ਇਕ ਸੰਗ੍ਰਹਿ ਪਰਕਾਸ਼ਤ ਹੋ ਚੁੱਕਾ ਹੈ, ਹੋਰ ਹੋਣ ਵਾਲੇ ਹਨ। ਇਨ੍ਹਾਂ ਵਿਚ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣੇ ਆਪ ਨੂੰ ਅੰਗਰੇਜ਼ੀ ਢੰਗ ਵਾਲਾ ਨਾਂ ਕੂਪਰ ਸਾਹਿਬ ਤੇ ਜੋ ਕਿਸ਼ਨ ਨੂੰ ਜੈਕਸਨ ਨਾਂ ਦੇਣ ਵਿਚ ਖੁਸ਼ ਹੁੰਦਾ ਹੈ ਸਗੋਂ ਆਪਣੀ ਗੱਲ ਬਾਤ ਵਿਚ ਵੀ ਥਾਂ ਥਾਂ ਤੇ ਅੰਗਰੇਜ਼ੀ ਲਫ਼ਜ਼ ਲਿਆ ਵਾੜਦਾ ਹੈ। ਪੁਰਾਣੇ ਢੰਗ ਦੇ ਬੀਬੇ ਬੀਬੀਆਂ ਟੇਠ ਪੰਜਾਬੀ ਗਾਲਾਂ ਤੇ ਮਿਣਵੇਂ ਵਰਤਦੀਆਂ ਹਨ। ਇਨ੍ਹਾਂ ਦੇ ਨਾਟਕ ਪੜ੍ਹਨ ਵਾਲਿਆਂ ਨੂੰ ਆਪਣੇ ਸਮਾਜ ਦੀ ਬਾਬਤ ਬਹੁਤ ਲੋੜੀਂਦੀ ਵਾਕਫੀ ਮਿਲਦੀ ਹੈ, ਜੋ ਅੱਜ ਕੱਲ ਦੇ ਪੜ੍ਹਾਕੂਆਂ ਪਾਸੋਂ ਦੂਰ ਜਾ ਰਹੀ ਹੈ। ਇਹ ਲਿਖਾਰੀ ਅੱਜ ਕਲ ਦੇ ਗੱਲ ਕਮੇਰਿਆਂ ਵਿਚ ਹੁੰਦੀ ਘਰ ਘਰ ਅਤੇ ਖਿਆਲੀ ਉਲਝਣਾ ਵਿਚ ਨਹੀਂ ਪੈਂਦਾ ਅਤੇ ਨਾ ਨਵੇਂ ਮਸਲੇ ਘੜ ਘੜ ਕੇ ਆਪਣੀਆਂ ਰਾਵਾਂ ਨਾਲ ਚਕਚਿਤ ਕਰਦਾ ਹੈ। ਇਨ੍ਹਾਂ ਦੇ ਪਾਤਰ ਇਨ੍ਹਾਂ ਦੀਆਂ ਰਾਵਾਂ ਵਿਚੋਂ ਨਹੀਂ ਨਿਕਲਦੇ ਸਗੋਂ ਪਾਤਰਾਂ ਦੇ ਆਪੋ ਆਪਣੀਆਂ ਸੁਭਾਵਕ ਆਚਰਣ ਉਸਾਰੀਆਂ ਵਿਚੋਂ ਰਾਵਾਂ ਨਿਕਲ ਦੀਆਂ ਹਨ। ਢੰਗੇ ਨ ਟਕ ਦੀ ਇਹੋ ਖੂਬੀ ਹੋਇਆ ਕਰਦੀ ਹੈ।

ਇਹ ਲਿਖਾਰੀ ਸਸਤੇ ਨਾਟਕਕਾਰਾਂ ਵਾਂਗੂ ਹਾਸ ਰਸੀ ਚੁਟਕਲੇ ਤੇ ਜ਼ਬਾਨੀ ਹੇਰਾ ਫੇਰੀ ਵਿਚ ਬਹੁਤ ਨਹੀਂ ਪੈਂਦਾ ਸਗੋਂ ਹਾਸ ਰਸ ਹਾਲੇ ਮੌਕੇ ਪੈਦਾ ਕਰਦਾ ਹੈ। ਜਿਸ ਮੁੰਡੇ ਜੈਕਿਸ਼ਨ ਬਾਬਤ ਲਿੱਲੀ ਦੀ ਬੇਬੇ ਨੱਕ ਚਾੜ੍ਹਦੀ ਰਹਿੰਦੀ ਸੀ ਉਸੇ ਬਾਬਤ ਇਹ ਨਾਟਕਕਾਰ ਅਜਿਹਾ ਢੋ ਢੁਕਾਂਦਾ ਹੈ ਕਿ ਉਹੀ ਏਥੇ ਮੁੰਡੇ ਦੇ ਪੈਰਾਂ ਹੇਠ ਤਲੀਆਂ ਪਈ ਧਰਦੀ ਹੈ ਤਲੇ ਲੈਂਦੀ ਹੈ ਕਿ ਕਿਧਰੇ ਮੁੰਡਾ ਹੱਥੋਂ ਨਾ ਨਿਕਲ ਜਾਏ।

"ਹੱਡਾ ਹੱਛਾ ਮੈਂ ਜਾਨੀਆਂ, ਪਰ ਸੋਚ ਸਮਝ ਕੇ ਕਹਿਣਾ ਪਿਆਰ ਨਾਲ ਦਲਾਸੇ ਨਾਲ ਗੱਲ ਕਰਨੀ। ਮਨਾ ਕੇ ਛਡਿਓ। ਜੋ ਕੁਝ ਕਹੇ ਸੋਈ ਮਨਜਾਉ। ਕੌੜੀ ਫਿੱਕੀ ਗੱਲ ਨ ਕਰਨੀ"।

ਅੱਜ ਕਲ ਨੰਦਾ ਜੀ ਵੱਡੇ ਨਾਟਕਾਂ ਦੀ ਥਾਂ ਇਕਾਂਗੀ ਨਾਟਕ ਲਿਖ ਰਹੇ ਹਨ ਜਿਨ੍ਹਾਂ ਵਿਚੋਂ ਝਲਕਾਰੇ ਨਾਂ ਦਾ ਇਕ ਸੰਗ੍ਰਹ ਪ੍ਰਕਾਸ਼ਤ ਹੋ ਚੁੱਕਾ ਹੈ ਤੇ ਹੋਰ ਹੋਣ ਵਾਲੇ ਹਨ। ਇਨ੍ਹਾਂ ਵਿਚ ਕੋਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਪੋਗੰਡਾ ਨਹੀਂ ਪਰ ਸਮਾਜ ਦੇ ਦੁਖ ਸੁਖ, ਔਕੜਾਂ ਵਹਿਮ ਅਤੇ ਉਨ੍ਹਾਂ ਦੇ ਇਲਾਜ ਦਾ ਜ਼ਿਕਰ ਆਉਂਦਾ ਹੈ। ਨੰਦਾ ਜੀ ਦੇ ਨਾਟਕਾਂ ਦਾ ਖ਼ਾਸ ਗੁਣ ਇਹ ਹੈ ਕਿ ਇਹ ਨਾਟਕੀ ਤਕਨੀਕ ਵਿਚ ਕਾਮਯਾਬ ਹੁੰਦੇ ਹਨ ਕਿਉਂਕਿ ਇਹ ਨਾਟਕਾਂ ਨੂੰ ਲਿਖ ਕੇ ਛਾਂਪਣ ਦੀ ਨਹੀਂ ਕਰਦੇ ਸਗੋਂ ਸਟੇਜ ਤੇ ਲਿਆ ਕੇ ਉਨ੍ਹਾਂ ਦੀਆਂ ਉਣਤਾਈਆਂ ਦੇਖ ਚਾਖ ਕੇ ਨਾਲੋਂ ਨਾਲ ਦੂਰ ਕਰਦੇ ਜਾਂਦੇ ਹਨ। ਜੋ ਕਿਧਰੇ ਗੱਲ ਬਾਤ ਦੇ ਸੁਆਦ ਵਿਚ ਸੀਨ ਲੰਮਾ ਹੋ ਜਾਏ ਜਾਂ ਕੋਈ ਵਾਧੂ ਗਲ ਪੈ ਜਾਏ ਤਾਂ ਦੇਖਣ ਵਾਲਿਆਂ ਉੱਤੇ ਅਸਰ ਪੈਂਦੇ ਨੂੰ ਵੇਖ ਕੇ ਤੁਰਤ ਹੀ ਕਾਂਟ ਛਾਂਟ ਕਰ ਲੈਂਦੇ ਹਨ। ਕੁਝ ਤਾਂ ਆਪ ਵਰ੍ਹਿਆਂ ਬੁੱਧੀ ਨਾਟਕੀ ਸਾਹਿਤ ਦੇ ਪੜ੍ਹਾਣ ਵਾਲੇ ਰਹੇ ਹਨ, ਕੁਝ ਆਪ ਨਾਟਕਾਂ ਦੇ ਖਿਡਾਰੀਆਂ ਵਿਚ ਸ਼ਾਮਲ ਹੁੰਦੇ ਆਏ ਹਨ ਅਤੇ ਕੁਝ ਨਾਟਕ ਦੀ ਕਾਮਯਾਬੀ ਦੀ ਸੱਚੀ ਪਰਖ ਦਰਸਕਾਂ ਦੀ ਸੋਝੀ ਨੂੰ ਸਮਝਦੇ ਹਨ। ਇਸ ਲਈ ਇਨ੍ਹਾਂ ਦੇ ਨਾਟਕ ਪੂਰੇ ਨਿਯਮ ਢੰਗ ਨਾਲ ਤਿਆਰ ਕੀਤੇ ਹੋਏ ਹੁੰਦੇ ਹਨ।

ਇਨ੍ਹਾਂ ਨੇ ਪੰਜਾਬ ਦੀ ਸ਼ਹਿਰੀ ਤੇ ਪੇਂਡੂ ਦੋਹਾਂ ਤਰਾਂ ਦੀ ਰਹਿਣੀ ਬਹਿਣੀ ਨੂੰ ਨੇੜਿਉਂ ਹੋ ਕੇ ਪਿਆਰ ਕੀਤਾ ਹੈ ਅਤੇ ਉਸ ਪਿਆਰ ਨੂੰ ਨਾਟਕੀ ਹੁਨਰ ਰਾਹੀਂ ਦਰਸਾਇਆ ਹੈ। ਪੰਜਾਬ ਉਸ ਦਾ ਹੈ ਜੋ ਪੰਜਾਬ ਨੂੰ ਪਿਆਰ ਕਰਦਾ ਹੈ। ਜੋ ਇਸ ਦੀ ਧਰਤੀ ਨੂੰ ਇਸ ਦੇ ਰੰਗਾ ਰੰਗ ਦੇ ਲੋਕਾਂ ਨੂੰ, ਇਸ ਦੀ ਬੋਲੀ, ਸਾਹਿਤ ਤੇ ਹੁਨਰਾਂ ਨੂੰ ਪਿਆਰ ਕਰਦਾ ਹੈ ਅਤੇ ਜੋ ਇਸ ਦੇ ਪਿਆਰ ਕਰਨ ਵਾਲਿਆਂ ਨੂੰ ਪਿਆਰ ਕਰਦਾ ਹੈ। ਈਸ਼ਵਰ ਚੰਦਰ ਨੰਦਾ ਪੰਜਾਬ ਦਾ ਹੈ, ਪੰਜਾਬ ਦਾ ਪਿਆਰਾ ਹੈ। ਸਾਰੇ ਪੰਜਾਬ ਨੂੰ ਇਸ ਉੱਤੇ ਮਾਣ ਹੈ। ਇਹ ਪੰਜਾਬ ਦਾ ਸਪੂਤ ਚਰੰਜੀਵ ਰਹੇ, ਇਹ ਸਾਡੀ ਪ੍ਰਮਾਤਮਾ ਅੱਗੇ ਪ੍ਰਾਰਥਨਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਦਾਰ ਨਾਨਕ ਸਿੰਘ



ਨਾਨਕ ਸਿੰਘ ਦੀ ਜੀਵਨ ਕਥਾ ਤੇ ਪੰਜਾਬੀ ਨਾਵਲ ਦੇ ਵਿਕਾਸ਼ ਦਾ ਇਤਿਹਾਸ ਨਾਲੋਂ ਨਾਲ ਚਲਦੇ ਹਨ। ਨਾਵਲ-ਖੇਤਰ ਵਿਚ ਇਸ ਦੇ ਆਉਣ ਨਾਲ ਪੰਜਾਬੀ ਨਾਵਲ ਦਾ ਪਹਿਲਾ ਅਵਿਕਸਤ-ਰੂਪ-ਜਾਸੂਸੀ, ਧਾਰਮਿਕ ਤੇ ਇਤਿਹਾਸਕ ਨਾਵਲਾਂ ਦਾ ਦੌਰ ਖਤਮ ਹੋ ਜਾਂਦਾ ਹੈ ਅਤੇ ਨਾਵਲ ਆਪਣੇ ਸਾਹਿੱਤਕ ਤੇ ਤੁਨਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ ਵਿਚ ਪਰਗਟ ਹੋਣ ਲਗ ਪੈਂਦਾ ਹੈ । ਨਾਨਕ ਸਿੰਘ ਪੰਜਾਬੀ ਸਾਹਿਤ ਵਿਚ ਪਹਿਲਾ ਮੌਲਕ ਨਾਵਲਕਾਰ ਹੈ ਜਿਸ ਨੇ ਧਰਮ ਦੀ ਵਲਗਣ ਚੋਂ ਨਿਕਲ, ਸਮੁੱਚੇ ਸਮਾਜ ਨੂੰ ਪਿਆਰ ਤਕਣੀ ਨਾਲ ਤਕਿਆ ਹੈ। ਇਸ ਕਰਕੇ ਨਾਨਕ ਸਿੰਘ ਨੂੰ ਸਮਾਜੀ ਜਾਂ ਭਾਈਚਾਰਕ ਨਾਵਲ ਦਾ ਮੋਢੀ ਮੰਨਿਆਂ ਜਾਂਦਾ ਹੈ। ਜਿਉਂ ਜਿਉਂ ਸਮਾਜ ਵਿਚ ਆ ਰ ਥਿਕ ਤੇ ਰਾਜਨੀਤਕ ਤਬਦੀਲੀਆਂ ਆਉਂਦੀਆਂ ਗਈਆਂ ਅਤੇ ਨਵੀਆਂ ਲੀਹਾਂ ਤੇ ਨਵੀਆਂ ਕਮਤਾਂ ਕਾਇਮ ਹੁੰਦੀਆਂ ਗਈਆਂ, ਤਿਉਂ ਤਿਉਂ ਨਾਨਕ ਸਿੰਘ ਦੀ ਮੌਲਕਤਾ ਵੀ ਵਿਗਸਦੀ ਗਈ । ਇਸ ਦੀ ਸੋਚ ਵਿਚ ਇਕ ਖੁਲ੍ਹ ਤੇ ਪਸਾਰ ਹੈ। ਜਿਤਨਾ ੧੯੩੦ ਦੇ ਸਮਾਜ ਨੂੰ ਉਸ ਸਮੇਂ ਇਹ ਚਿਤਰਨ ਵਿਚ ਕਾਮਯਾਬ ਸੀ ਉਤਨਾ ਹੀ ਅਜ ੧੯੫੧ ਦੇ ਸਮਾਜ ਨੂੰ ਪਰਗਟਾਉਣ ਵਿਚ ਸਫਲ ਹੈ।

ਇਸ ਦਾ ਲਿਖਣ-ਕਾਲ ੧੯੨੭ ਤੋਂ ਅਰੰਭ ਹੁੰਦਾ ਹੈ ਅਤੇ ਲਗ-ਭਗ ਇਸ ੨੩ ਸਾਲ ਦੇ ਅਰਸੇ ਵਿਚ ਇਸ ਨੇ ੪੦ ਕਿਤਾਬਾਂ, ਜਿਨ੍ਹਾਂ ਦੇ ੧੨ ਹਜ਼ਾਰ ਸਫ਼ੇ ਬਣਦੇ ਹਨ, ਲਿਖੀਆਂ ਹਨ ! ਇਹ ਆਪ ਲਿਖਦਾ ਹੈ 'ਮੇਰੀ ਲਿਖਣ ਸ਼ਕਤੀ ਵਿਚ ਅਜੇ ਜਰਾ ਜ਼ਿੰਨੀ ਵੀ ਸਿਥਲਤਾ ਨਹੀਂ ਆਈ ਅਤੇ ਕਦੇ ਕਦੇ ਮੇਰੇ ਅੰਦਰ ਇਹ ਜ਼ਖ਼ੀਰਾ ਇਤਨੀ ਬਹੁਤਾਤ ਵਿਚ ਭਰ ਜਾਂਦਾ ਹੈ ਕਿ ਮੇਰਾ ਦਿਮਾਗ ਇਸ ਬੋਝ ਨੂੰ ਚੁਕਣ ਤੋਂ ਆਰੀ ਹੋ ਜਾਂਦਾ ਹੈ।' ਅਜ ਕੋਈ ਪਬਲਕ, ਸਕੂਲ ਜਾਂ ਘਰ ਦੀ ਪੰਜਾਬੀ ਲਾਇਬਰੇਰੀ ਨਾਨਕ ਸਿੰਘ ਦੀ ਰਚਨਾ ਬਿਨਾਂ ਮੁਕੰਮਲ ਨਹੀਂ ਸਮਝੀ ਜਾਂਦੀ । ਨਾਨਕ ਸਿੰਘ ਮੌਜੂਦਾ ਪੰਜਾਬੀ ਨਾਵਲ ਦਾ ਮੁਢ ਵੀ ਹੈ ਤੇ ਸਿਖਰ ਵੀ ।

ਨਾਨਕ ਸਿੰਘ ਦਾ ਜਨਮ, ਪਿੰਡ ਚੱਕ ਹਮੀਦ, ਜ਼ਿਲਾ ਜਿਹਲਮ ਵਿਚ ੪ ਜੁਲਾਈ ੧੮੯੭ ਈਸਵੀ ਨੂੰ ਭਾਈ ਬਹਾਦਰ ਚੰਦ ਦੇ ਘਰ ਹੋਇਆ । ਇਸ ਦਾ ਪਹਿਲਾਂ ਨਾਂ ਹੰਸਰਾਜ ਸੀ । ਇਸ ਦੇ ਪਿਤਾ ਜੀ ਪਿਸ਼ਾਵਰ ਸਦਰ ਵਿਚ ਆੜ੍ਹਤ ਦੀ ਦੁਕਾਨ ਕਰਦੇ ਹਨ। ਅੱਠਾਂ ਵਰ੍ਹਿਆਂ ਦੀ ਉਮਰ ਵਿਚ ਇਹ ਵੀ ਪਿਤਾ ਕੋਲ ਪਿਸ਼ਾਵਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਚਲਾ ਗਿਆ। ਦਸ ਸਾਲ ਦੀ ਉਮਰ ਵਿਚ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ ਤੇ ਇਸ ਦੀ ਪਾਲਣਾ ਇਸ ਦੀ ਮਾਤਾ ਸ੍ਰੀ ਮਤੀ ਲਛਮੀ ਦੇਵੀ ਜੀ ਨੇ ਦੁਖਾਂ ਦੇ ਮੁਸੀਬਤਾਂ ਦਾ ਮਰਦਾਨਾਵਾਰ ਟਾਕਰਾ ਕਰਕੇ ਕੀਤੀ। ਮਾਤਾ ਜੀ ਦੀ ਨੇਕੀ, ਧਰਮ-ਭਾਵਨਾ ਤੇ ਲੋਕ-ਸੇਵਾ ਦੇ ਕੋਮਲ ਜਜ਼ਬਿਆਂ ਨੇ ਇਸ ਦੇ ਜੀਵਨ ਤੇ ਇਸ ਦੀ ਸੋਚ-ਧਾਰਾ ਉਤੇ ਬਹੁਤ ਪਰਭਾਵ ਪਾਇਆ ਹੈ। ਇਸ ਨੂੰ ਗਰੀਬੀ ਦੇ ਕਾਰਣ ਕੇਵਲ ਪੰਜ ਜਮਾਤਾਂ ਪੜ੍ਹ ਕੇ ਸਕੂਲ ਛਡਣਾ ਪਿਆ। ਘਰ ਵਿਚ ਆਟੇ ਦਾਣੇ ਦੇ ਫ਼ਿਕਰਾਂ ਤੇ ਫ਼ਿਕਿਆਂ ਕਟਕੇ ਇਸ ਦ ਬਚਪਨ ਦੁਖਾਂ, ਮੁਸੀਬਤਾਂ ਤੇ ਮਾਯੂਸੀਆਂ ਵਿੱਚ ਦੀ ਲੰਘਿਆ। ਇਹ ਆਪ ਲਿਖਦਾ ਹੈ। "ਜਦ ਅਠ ਰਾਂ ਵਰ੍ਹਿਆਂ ਦੀ ਉਮਰ ਵਿੱਚ ਮੈਨੂੰ ਦੁਨੀਆਂ ਦੇ ਚੜ੍ਹਾਵਾਂ ਤੇ ਉਤਾਰਾਂ ਦੀ ਸੂਝ ਹੋਈ ਤਾਂ ਮੈਂ ਆਪਣੇ ਆਲੇ ਦੁਆਲੇ ਗੁਰਬਤ, ਨਿਰਾਸਤਾ, ਵਿਸ਼ਵਾਸ-ਘਾਤ ਤੇ ਚਿੰਤਾ ਦੀ ਸਿਆਹੀ ਨਾਲ ਧੁਆਂਖਿਆ ਹੋਇਆ ਭਵਿਖ ਵੇਖਿਆ।" ਇਹ ਆਪਣੇ ਪਿਤਾ ਵਾਲੇ ਕੰਮ ਨੂੰ ਨਿਭਾਉਣ ਦੇ ਯੋਗ ਸਾਬਤ ਨਾ ਹੋ ਸਕਿਆ ਕਿਉਂਕਿ ਜੀਵਨ ਦਾ ਝੁਕਾਉ ਕੰਮ ਕਾਜ ਦੀ ਬਜਾਏ ਪੜ੍ਹਨ ਲਿਖਣ, ਕਵਿਤਾ, ਸੰਗੀਤ ਤੇ ਧਰਮ ਦੇ ਪਾਸੇ ਵੱਲ ਜ਼ਿਆਦਾ ਸੀ। ਦੁਕਾਨ ਦੇ ਇਕ ਬੁੱਢੇ ਮਜ਼ੂਰ 'ਹਰੀ ਸਿੰਘ' ਨੇ, ਜਿਸ ਨੂੰ ਕਿੱਸੇ ਕਹਾਣੀਆਂ ਦਾ ਠਰਕ ਸੀ, ਇਸ ਨੂੰ ਇਸ ਪਾਸੇ ਦੀ ਚੇਟਕ ਲਾ ਦਿੱਤੀ, ਜਿਸ ਤੋਂ ਪਹਿਲੇ ਪਹਿਲ ਸ਼ਾਇਰੀ ਪਰਗਟੀ। ਬਾਰ੍ਹਾਂ ਵਰ੍ਹਿਆਂ ਦੀ ਉਮਰ ਵਿੱਚ ਇਸ ਦੀ ਮੁੱਢਲੀ ਰਚਨਾ ਛਪੀ ਜਿਸ ਦਾ ਨਾਂ 'ਸੋਹਰਡੀ ਹੰਸਰਾਜ' ਹੀ। ਨੌਜਵਾਨਾਂ ਦੀ ਮਹਿਫ਼ਲ ਵਿੱਚ ਇਸ ਸ਼ਾਇਰੀ ਨੇ ਇਸ ਨੂੰ ਬੜਾ ਨਾਮਣਾ ਦਿਵਾਇਆ, ਪਰ ਛੇਤੀ ਹੀ ਮੁੰਡਿਆਂ ਦੀ ਇਹ ਸੰਗਤ ਕੁਸੰਗਤ ਵਿੱਚ ਬਦਲ ਗਈ। ਸਿਰਗਟ ਤੇ ਸ਼ਰਾਬ ਮੂੰਹ ਲੱਗ ਗਏ ਜੋ ਚੋਰੀ ਦੀ ਵਹਿਬਤ ਨੂੰ ਵੀ ਨਾਲ ਧੂਹ ਲਿਆਏ।

ਖੁਸ਼ਕਿਸਮਤੀ ਨਾਲ ਇਸ ਮੌਕੇ ਤੇ ਸਿੰਘ ਸਭਾ ਦੇ ਗ੍ਰੰਥੀ ਗਿਆਨੀ ਬਾਗ ਸਿੰਘ ਜੀ ਨਾਲ, ਜੋ ਪਿਆਰ ਤੇ ਨੇਕੀ ਦੇ ਮੁਜੱਸਮੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਨ, ਇਸ ਦਾ ਮੋਲ ਤੋਂ ਗਿਆ ਗੁਰਮਤਿ ਦਿਨ ਨੂੰ ਆਪਣੀਆਂ ਲਿਖਤਾਂ ਵਿੱਚ 'ਮੇਰਾ ਗੁਰਦੇਵ' ਕਹਿ ਕੇ ਯਾਦ ਕਰਦਾ ਹੈ। ਆਪਣੀ ਮਾਤਾ ਜੀ ਨੂੰ ਅਤੇ ਗਿਆਨੀ ਜੀ ਨੂੰ ਇਹ ਆਪਣੇ ਜੀਵਨ ਦੇ ਦੋ 'ਚਾਨਣ ਮਨਾਰੇ' ਦਸਦਾ ਹੈ। ਗਿਆਨੀ ਜੀ ਦੀ ਸੰਗਤ ਨੇ ਇਸ ਦੀ ਸ਼ਾਇਰੀ ਨੂੰ ਧਾਰਮਕ ਰੰਗ ਦੇ ਦਿੱਤਾ। ਇਸ ਦੇ ਧਾਰਮਕ ਗੀਤਾਂ ਦਾ ਸੰਗ੍ਰਹਿ 'ਸ਼ਤਿਗੁਰ ਮਹਿਮਾ' ਦੇ ਨਾਂ ਹੇਠ ਛਪਿਆ। ਇਸ ਰਚਨਾ ਨੂੰ ਇਸ ਨੂੰ ਵੱਜਵੀਂ ਪਰਸੰਸਾ ਮਿਲੀ ਅਤੇ ਆਸ ਨਾਲੋਂ ਬਹੁਤ ਵਧ ਆਮਦਨ ਹੋਈ; ਜਿਸ ਤੋਂ ਇਸ ਨੂੰ ਕਿਤਾਬੀ ਕੰਮਾਂ ਦਾ ਚੁਆਦ ਪਿਆ। 'ਸਤਿਗੁਰ ਮਹਿਮਾ', ਇਕ ਭਜਨ ਮਾਲਾ ਹੈ ਅਤੇ ਇਸ ਰਚਨਾ ਦਾ ਕੋਈ ਪਾਠਕ ਅਨੁਭਵ ਨਹੀਂ ਕਰ ਸਕਦਾ ਕਿ ਇਸ ਦਾ ਲੇਖਕ ਕਿਸੇ ਦਿਨ ਪੰਜਾਬੀ ਦਾ ਸ਼ਰੋਮਣੀ ਨਾਵਲਕਾਰ ਬਣ ਜਾਵੇਗਾ। ਇਨ੍ਹਾਂ ਦਿਨਾਂ ਵਿੱਚ ਹੀ ਇਹ ਅੰਮ੍ਰਿਤ ਛਕ ਕੇ 'ਹੰਸਰਾਜ' ਤੋਂ ਨਾਨਕ ਸਿੰਘ ਬਣ ਗਿਆ। ਇਸ ਪਿੱਛੋਂ ਇਹ ਖਾਲਸਾ ਸਕੂਲ ਪਸ਼ਾਵਰ ਵਿੱਚ ਧਾਰਮਕ ਟੀਚਰ ਲੱਗ ਗਿਆ; ਪਰ ਛੇਤੀ ਹੀ ਇਸ ਦਾ ਮਨ ਉਚੋਂ ਉਚਾਟ ਹੋ ਗਿਆ। ਮਾਤਾ ਦੇ ਚਲਾਣੇ ਪਿੱਛੋਂ ਤਾਂ ਵੈਰਾਗ ਦਾ ਹੜ੍ਹ ਹੀ ਆ ਗਿਆ। ਉਨ੍ਹਾਂ ਦੇ ਫੁਲ ਪਰਵਾਹ ਕਰਨ ਗਿਆ ਹਰਦੁਆਰ ਹੀ ਕਿਸੇ ਸੰਤ ਮਹਾਤਮਾਂ ਦੀ ਟੋਲ ਵਿੱਚ ਲੱਗ ਗਿਆ। ਇਸ ਨਿਰਬਾਣਤਾ ਵੱਲੋਂ ਗਿਆਨੀ ਬਾਗ ਸਿੰਘ ਜੀ ਨੇ ਮੋੜ ਕੇ ਸੁਦਰਵਾਸੀ ਗਿਆਨੀ ਸ਼ੇਰ ਸਿੰਘ ਜੀ ਨਾਲ ਭਿਆਲੀ ਪੁਆ ਦਿੱਤੀ, ਜਿਨ੍ਹਾਂ ਨੇ ਰਾਵਲਪਿੰਡੀ ਵਿੱਚ ਇਕ ਛੋਟਾ ਜਿਹਾ ਪ੍ਰੈਸ ਤੇ 'ਗੁਰਮਤ ਪ੍ਰਚਾਰ-ਲੜੀ' ਜਾਰੀ ਕੀਤੀ। ਰਾਵਲਪਿੰਡੀ ਵਿੱਚ ਰਹਿੰਦਿਆਂ ਇਕ ਨਿਰਮਲੇ ਸੰਤ ਦੀ ਸੰਗਤ ਨੇ ਨਿਰਬਾਣਤਾ ਦੀ ਸੁੱਤੀ ਚਿਣਗ ਨੂੰ ਮੁੜ ਭਖਾ ਦਿੱਤਾ, ਪਰ ਇਸ ਸੰਤ ਦੀ ਪਾਰਸਾਈ ਦਾ ਪਾਜ ਛੇਤੀ ਹੀ ਉਘੜ ਗਿਆ। ਇਸ ਤਜਰਬੇ ਦਾ ਝਲਕਾਰਾ ਇਸ ਦੀਆਂ ਰਚਨਾਵਾਂ ਚੋਂ ਡੁਲ੍ਹ ਡੁਲ੍ਹ ਪੈਂਦਾ ਹੈ ਅਤੇ ਧਾਰਮਕ ਸ਼ਰੇਣੀ ਦੇ ਪਾਤਰ ਇਸ ਨੇ, ਵਿਸ਼ੇਸ਼ ਕਰਕੇ, ਹਾਸ-ਰਸ ਦਾ ਮਸਾਲਾ ਬਣਾਏ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਹਨੀਂ ਦਿਨੀਂ ਅਕਾਲੀਆਂ ਤੇ ਅੰਗਰੇਜ਼ੀ ਹਕੂਮਤ ਦੇ ਵਿਚਕਾਰ ਗੁਰੂ ਕੇ ਬਾਗ ਦਾ ਮੋਰਚਾ ਲੱਗਾ ਹੋਇਆ ਸੀ। ਗਿਆਨੀ ਜੀ ਦੀ ਪਰੇਰਨਾ ਨਾਲ ੧੯੨੨ ਈ: ਵਿੱਚ ਨਾਨਕ ਸਿੰਘ ਜ਼ਿਲਾ ਲੁਧਿਆਣੇ ਦੇ ਜੱਥੇ ਨਾਲ ਸ਼ਾਮਲ ਹੋ ਕੇ ਗ੍ਰਿਫ਼ਤਾਰ ਹੋ ਗਿਆ ਅਤੇ ਬੋਰਸਟਲ ਜੇਲ੍ਹ ਲਾਹੌਰ ਵਿੱਚ ਭੇਜ ਦਿੱਤਾ ਗਿਆ। ਇਥੇ ਇਸ ਨੂੰ ਇਕ ਪੁਲੀਟੀਕਲ ਕੈਦੀ 'ਬਾਬੂ ਜਗਨ ਨਾਥ' ਦਾ ਸੰਗ ਪਰਾਪਤ ਹੋਇਆ ਜਿਸ ਪਾਸੋਂ ਹਿੰਦੀ ਤੇ ਬੰਗਾਲੀ ਦਾ ਬਹੁਤ ਸਾਰਾ ਸਾਹਿੱਤ ਪੜ੍ਹਨ ਨੂੰ ਮਿਲ ਗਿਆ। ਮੁਨਸ਼ੀ ਪ੍ਰੇਮ ਚੰਦ ਦੇ ਨਾਵਲਾਂ ਨੇ ਇਸ ਨੂੰ ਮੋਹਤ ਕਰ ਲਿਆ ਅਤੇ ਉਥੇ ਹੀ ਇਸ ਨੇ ਉਸ ਦੇ ਕਾਫ਼ੀ ਨਾਵਲ ਪੜ੍ਹੇ। ਬਸ ਫੇਰ ਕੀ ਸੀ, ਪ੍ਰੇਮ ਚੰਦ ਬਣਨ ਦੇ ਸੁਫ਼ਨੇ ਇਸ ਦੀਆਂ ਅੱਖਾਂ ਵਿੱਚ ਲਟਕ ਗਏ। ਨਾਨਕ ਸਿੰਘ ਦੀਆਂ ਖਿਲਰਵੀਆਂ ਰੁਚੀਆਂ ਕੇਂਦਰਤ ਹੋ ਗਈਆਂ। ਪੰਦ੍ਹਾਂ ਸਾਲ ਦੀ ਇਸ ਜੇਲ੍ਹ ਜਾਤਰਾ ਨੇ ਇਸ ਨੂੰ ਭਵਿਖਤ ਦਾ ਪਰੋਗਰਾਮ ਦੇ ਦਿੱਤਾ। ਇਹ ਆਪ ਇਸ ਬਾਰੇ ਲਿਖਦਾ ਹੈ, "ਜੇਲ੍ਹ ਵਿੱਚ ਦਾਖਲ ਹੋਣ ਤੇ ਉਸ ਵਿੱਚੋਂ ਬਾਹਰ ਨਿਕਲਣ ਦੀ ਮੇਰੀ ਹਾਲਤ ਵਿੱਚ ਉਹੀ ਫ਼ਰਕ ਸੀ ਜਿਹੜਾ ਉਸ ਟਿੰਡ ਦਾ ਹੁੰਦਾ ਹੈ, ਜਿਹੜੀ ਖ਼ਾਲਮ-ਖਾਲੀ ਖੂਹ ਵਿੱਚ ਦਾਖ਼ਲ ਹੁੰਦੀ ਹੈ ਤੇ ਭਰੀ ਛਲਕਦੀ ਬਾਹਰ ਨਿਕਲਦੀ ਹੈ।"

ਜੇਲ੍ਹ ਤੋਂ ਬਾਹਰ ਆ ਕੇ ਨਾਨਕ ਸਿੰਘ ਨੇ ਆਪਣੇ ਪਰੋਗਰਾਮ ਨੂੰ ਚਾਲੂ ਕਰਨ ਲਈ ਅੰਮ੍ਰਿਤਸਰ ਵਿੱਚ ਇਕ ਪ੍ਰੈਸ ਜਾਰੀ ਕੀਤਾ, ਜੋ ਲਾਹੇਵੰਦਾ ਸਾਬਤ ਹੋਣ ਦੀ ਬਜਾਏ ਝਮੇਲਿਆਂ ਦਾ ਕਾਰਣ ਬਣਿਆ ਤੇ ਇਸ ਸਮੇਂ ਵਿੱਚ ਇਸ ਨੇ ਦੋ ਨਾਵਲ 'ਸੂਲਾਂ ਦੀ ਸੇਜ' ਤੇ 'ਪਾਪ ਦੀ ਖੱਟੀ' ਹਿੰਦੀ ਵਿੱਚੋਂ ਉਲਥਾਏ। ਆਪਣੇ ਉਦੇਸ਼ ਦੀ ਪੂਰਤੀ ਲਈ ਆਖ਼ਰ ਘਾਟਾ ਪਾ ਕੇ ਪ੍ਰੈਸ ਤੋਂ ਖਹਿੜਾ ਛੁਡਾਇਆ ਅਤੇ ਮਨ ਇਕਾਗਰ ਕਰਕੇ ਮੌਲਕ ਰਚਨਾ ਸ਼ੁਰੂ ਕੀਤੀ। ਪਹਿਲੇ ਪਹਿਲ ਇਸ ਨੇ ਕਹਾਣੀ ਲਿਖਣੀ ਅਰੰਭੀ ਅਤੇ ਪਹਿਲੀ ਕਹਾਣੀ 'ਰਖੜੀ' ਰਸਾਲਾ 'ਰਣਜੀਤ-

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨਗਾਰਾ' ਵਿੱਚ ਛਪੀ। ਇਸ ਤੋਂ ਪਿੱਛੋਂ ਇਸ ਨੇ ਪਹਿਲਾ ਮੌਲਕ ਨਾਵਲ 'ਮਤਰੇਈ ਮਾਂ' ਲਿਖਿਆ। ਇਸ ਨਾਵਲ ਦਾ ਪਛੋਕੜ ਦਸਦਾ ਹੋਇਆ ਇਹ ਆਪ ਲਿਖਦਾ ਹੈ, "ਮੇਰੀ ਗਲੀ ਦੇ ਇਕ ਦਰਜ਼ੀ ਨੇ ਨਵਾਂ ਵਿਆਹ ਕਰਵਾਇਆ। ਪਹਿਲੀ ਤੀਵੀਂ ਦੇ ਪੋਟੇ ਇਕ ਲੜਕਾ ਪਹਿਲਾਂ ਸੀ। ਉਸ ਮਾਂ ਮਹਿਟਰ ਬੱਚੇ ਦੀ ਹਾਲਤ ਨੇ ਇਸ ਨਾਵਲ ਨੂੰ ਰੂਪਮਾਨ ਕੀਤਾ।"

ਨਾਨਕ ਸਿੰਘ ਆਪਣੇ ਆਲੇ ਦੁਆਲੇ ਦੇ ਸਮਾਜ ਦਾ ਪਾਰਦਰਸ਼ਕ ਸ਼ੀਸ਼ਾ ਹੈ। ੧੯੨੭ ਤੋਂ ੧੯੫੧ ਤੱਕ ਦੇ ਇਸ ਦੇ ਸਾਹਿੱਤਕ ਜੀਵਨ ਨੂੰ ਸਮਾਜ ਦੀ ਦਸ਼ਾ ਅਤੇ ਇਸ ਦੇ ਨਿੱਜੀ ਆਲੇ ਦੁਆਲੇ ਦੇ ਅਧਾਰ ਤੇ ਤਿੰਨਾਂ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਮੁੱਢਲਾ ਸਮਾਂ ੧੯੨੭ ਤੋਂ ੧੯੩੯ ਤੱਕ ਦਾ ਹੈ। ਦੂਜਾ ਦੌਰ ਪ੍ਰੀਤ ਨਗਰ ਜਾਣ ਨਾਲ ਅਰੰਭ ਹੁੰਦਾ ਹੈ ਜੋ ੧੯੩੯ ਤੋਂ ੧੯੪੭ ਤੱਕ ਦਾ ਕਿਹਾ ਜਾ ਸਕਦਾ ਹੈ ਅਤੇ ਤੀਜਾ ਦੌਰ ੧੯੪੭ ਤੋਂ ਅਗਾਂਹ ਦਾ।

ਇਸ ਦੇ ਪਹਿਲੇ ਦੌਰ ਦੀਆਂ ਪੁਸਤਕਾਂ 'ਮਤਰੇਈ ਮਾਂ', 'ਕਾਲ ਚੱਕਰ'; 'ਮਿੱਠਾ ਮੋਹਰਾ', 'ਪ੍ਰੇਮ ਸੰਗੀਤ', 'ਚਿੱਟਾ ਲਹੂ', 'ਡੋਲਾ ਦੀ ਫੁੱਲ', 'ਹੰਜੂਆਂ ਦੇ ਹਾਰ', 'ਕਾਗਤਾਂ ਦੀ ਬੇੜੀ'; 'ਸੱਧਰਾਂ ਦੇ ਹਾਰ', 'ਮਿੱਧੇ ਹੋਏ ਫੁੱਲ', ਤੇ 'ਪੱਤ ਝੜ ਦੇ ਪੰਛੀ' ਆਦਿ ਹਨ। ਪਹਿਲੀਆਂ ਤਿੰਨ ਚਾਰ ਕਿਤਾਬਾਂ ਨਾਲ ਨਾਨਕ ਸਿੰਘ ਦੀ ਜਾਣ ਪਛਾਣ ਪੰਜਾਬੀ ਪਾਠਕਾਂ ਨਾਲ ਹੋ ਗਈ ਪਰ ੧੯੩੨ ਵਿੱਚ 'ਚਿੱਟਾ ਲਹੂ', ਪਰਕਾਸ਼ਤ ਹੋਣ ਨਾਲ ਇੱਕੋ ਵੇਰ ਇਸ ਦੇ ਹੁਨਰ ਦੀ ਧੁੰਮ ਪੰਜਾਬੀ ਸੰਸਾਰ ਵਿੱਚ ਪੈ ਗਈ। ਅਜਿਹਾ ਮਲੂਮ ਹੁੰਦਾ ਹੈ ਕਿ ਨਾਨਕ ਸਿੰਘ ਦਾ ਦਿਲ ਸਮਾਜ ਦੀਆਂ ਕੁਰੀਤੀਆਂ ਵੇਖ ਕੇ ਭਰਿਆ-ਪੀਤਾ ਪਿਆ ਸੀ ਜੋ ਇੱਕੋ ਵੇਰ ਉਛਲ ਪਿਆ। ਵਿਧਵਾ ਵਿਆਹ ਤੇ ਬੁਢੇਪੇ ਦਾ ਵਿਆਹ, ਵਿਆਹ ਸ਼ਾਦੀਆਂ ਦੀਆਂ ਕੁਰੀਤੀਆਂ, ਧਰਮ ਅਸਥਾਨਾਂ ਦੀ ਅਧੋਗਤੀ, ਸਮਾਜ ਦੇ ਚੌਧਰੀਆਂ ਦੀਆਂ ਕਰਤੂਤਾਂ, ਅਦਾਲਤਾਂ ਦੇ ਕੋਝ ਨਿਆਂ ਤੇ ਅਫ਼ਸਰਾਂ ਦੀ ਵੱਢੀ-ਖੋਰੀ, ਪਿੰਡਾਂ ਦੀ ਮੁਕੱਦਮੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬਾਜ਼ੀ, ਉਧਾਲੇ ਤੇ ਫਸਾਦ, ਨਸ਼ਿਆਂ ਦਾ ਸੇਵਨ, ਛੂਤ-ਛਾਤ ਦਾ ਭੂਤ, ਸਾਹਿਤਕਾਰਾਂ ਦਾ ਨਿਰਾਦਰ ਅਤੇ ਦੇਸ਼ ਸੇਵਕਾਂ ਦੀ ਦੁਰ-ਦਸ਼ਾ ਆਦਿ ਵਿਸ਼ੇ ਅਜਿਹੇ ਮੋਹਣੇ ਤੇ ਸੁਚੱਜੇ ਢੰਗ ਨਾਲ ਇਸ ਕਹਾਣੀ ਵਿੱਚ ਰੁੰਦੇ ਹਨ ਕਿ ਕੋਈ ਸੂਝਵਾਨ ਪਾਠਕ ਵੀ ਨਿਖਾਰੀ ਦੀ ਕਾਮਯਾਬੀ ਦੀ ਦਾਦ ਦਿੱਤੇ ਬਗੈਰ ਨਹੀਂ ਰਹਿ ਸਕਦਾ। ਪਾਰਖੂਆਂ ਨੂੰ ਲੇਖਕ ਦੀ ਨਿਪੁਣਤਾ-ਸੁਚੱਜਤਾ ਦਾ ਗਿਆਨ ਓਦੋਂ ਹੀ ਹੋ ਗਿਆ ਸੀ।

ਇਸ ਦੇ ਦੂਜੇ ਦੌਰ ਦੀਆਂ ਪੁਸਤਕਾਂ 'ਪਿਆਰ ਦੀ ਦੁਨੀਆਂ' 'ਗਰੀਬ ਦੀ ਦੁਨੀਆਂ' 'ਦਜਨੀ' 'ਅੱਧ ਖਿੜਿਆ ਫੁੱਲ' 'ਠੰਢੀਆਂ ਛਾਵਾਂ' 'ਪਵਿਤਰ ਪਾਪੀ,' 'ਪ੍ਰਾਸਚਿਤ' 'ਜੀਵਨ-ਸੰਗਰਾਮ,' 'ਧੁੰਦਲੇ ਪਰਛਾਵੇਂ', 'ਲਵ ਮੈਰਿਜ', 'ਪੱਥਰ ਕਾਂਬਾ,' 'ਤਸਵੀਰ ਦੇ ਦੋਵੇਂ ਪਾਸੇ' ਅਤੇ 'ਦੂਰ ਕਿਨਾਰਾ' ਆਦਿ ਹਨ। ਪ੍ਰੀਤ ਨਗਰ ਦੇ ਅਸਰਾਂ ਅਧੀਨ ਇਸ ਦੀਆਂ ਰਚਨਾਵਾਂ ਦੇ ਵਿਸ਼ੇ, 'ਹਿੰਦੂ ਮੁਸਲਮ ਏਕਤਾ', 'ਆਰਥਕ ਗੁਲਾਮੀ ਦੇ ਖਿਲਾਫ਼ ਜਹਾਦ' ਅਤੇ 'ਮਨੁਖਤਾ ਦੀ ਏਕਤਾ', ਬਣ ਗਏ। 'ਗਰੀਬ ਦੀ ਦੁਨੀਆਂ', ਤੇ 'ਪਿਆਰ ਦੀ ਦੁਨੀਆਂ' ਵਿੱਚ ਇਨ੍ਹਾਂ ਵਿਸ਼ਿਆਂ ਦਾ ਮੂੰਹ ਵਿਖਾਲਾ ਸੁਤੇ ਸਿੱਧ ਹੁੰਦਾ ਹੈ।

ਇਸ ਦੇ ਤੀਜੇ ਦੌਰ ਦੀਆਂ ਪੁਸਤਕਾਂ ਖੂਨ ਦੇ ਸੋਹਲੇ 'ਅੱਗ ਦੀ ਖੇਡ', 'ਮੇਰੀ ਦੁਨੀਆਂ', 'ਮੰਝਧਾਰ' ਤੇ 'ਚਿਤਰਕਾਰ' ਆਦਿ ਹਨ। ਨਾਨਕ ਸਿੰਘ ਇਕ ਕੋਮਲ-ਚਿਤ ਕਲਾਕਾਰ ਹੈ। ੧੯੪੭ ਦੇ ਘਲੂਘਾਰੇ ਦਾ ਦ੍ਰਿਸ਼ ਇਹਦੇ ਲਈ ਇਕ ਅਸਹਿ ਸਦਮਾ ਸੀ। 'ਅੱਗ ਦੀ ਖੇਡ' ਤੇ 'ਖੂਨ ਦੇ ਸੋਹਲੇ' ਨਾਵਲਾਂ ਵਿੱਚ ਇਸ ਘਲੂ-ਘਾਰੇ ਦਾ ਦਰਦ-ਰੰਜਾਣਾ ਚਿਤਰ ਪੇਸ਼ ਕੀਤਾ ਗਿਆ ਹੈ ਅਤੇ ਅਜਿਹਾ ਪਰਤੀਤ ਹੋ ਰਿਹਾ ਹੈ ਕਿ ਲਿਖਾਰੀ ਆਪਣੀ ਕਲਮ ਦੇ ਜ਼ੋਰ ਨਾਲ ਭਵਿਖਤ ਵਿੱਚ ਅਜਿਹੇ ਦ੍ਰਿਸ਼ਾਂ ਨੂੰ ਸਦਾ ਲਈ ਮੇਟਣ ਵਾਸਤੇ ਪੂਰਾ ਜ਼ੋਰ ਲਾ ਰਿਹਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹੈ। 'ਮੰਡਹਾਰ' ਵਿੱਚ ਇਸ ਨੇ ਸਿਕਾਂ ਸਿਕਦਿਆਂ ਮਿਲੀ ਆਜ਼ਾਦੀ ਦਾ ਭਾਵਾ ਕਿਰਕਰਾ ਸੁਆਦ ਪੇਸ਼ ਕੀਤਾ ਹੈ।

੪

ਸਮੇਂ ਦਾ ਤਿੱਖਾ ਵੇਗ ਵੀ ਨਾਨਕ ਸਿੰਘ ਨੂੰ ਪਿੱਛੇ ਨਹੀਂ ਛੱਡ ਸਕਿਆ। ਪਿੱਛਲੇ ੨੪, ੨੫ ਸਾਲਾਂ ਤੋਂ ਇਹ ਪੰਜਾਬ ਦੇ ਸਮਾਜ ਨੂੰ ਸੁਚੱਜਤਾ ਨਾਲ ਚਿਤਰਦਾ ਆ ਰਿਹਾ ਹੈ। ਇਸ ਦੀਆਂ ਰਚਨਾਵਾਂ ਚੋਂ ਪੰਜਾਬ ਦਾ ਇਕ-ਰਸ ਸਮਾਜਕ ਇਤਿਹਾਸ ਉਲੀਕਿਆ ਜਾ ਸਕਦਾ ਹੈ, ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦੀਆਂ ਲਿਖਤਾਂ ਦੀ ਭਾਰੀ ਇਤਿਹਾਸਕ ਮਹੱਤਤਾ ਹੋਵੇਗੀ। ਵੱਡੀ ਖ਼ੂਬੀ ਇਹ ਹੈ ਕਿ ਹੁਨਰੀ ਕਸਵੱਟੀ ਤੇ ਪਰਖਿਆਂ ਨਾਨਕ ਸਿੰਘ ਦੇ ਸਾਹਿਤਕ ਜੀਵਨ ਦੇ ਹਰੇਕ ਦੌਰ ਵੱਦੋਂ ਮਾਹਰਕੇ ਦੀ ਚੀਜ਼ ਮਿਲਦੀ ਹੈ। ਇਸ ਦੇ ਪਹਿਲੇ ਦੌਰ ਵਿਚੋਂ 'ਚਿੱਟਾ ਲਹੂ', ਦੂਜੇ ਦੌਰ ਵਿੱਚੋਂ 'ਅੱਧ ਖਿੜਿਆ ਫੁੱਲ' ਅਤੇ ਤੀਜੇ ਵਿਚੋਂ 'ਮੰਡਹਾਰ'।

ਨਾਨਕ ਸਿੰਘ ਦੀਆਂ ਨਾਵਲੀ ਕਹਾਣੀਆਂ ਹੱਡ-ਬੀਤੀਆਂ ਜਾਂ ਅੱਖੀ ਵਿੱਠੀਆਂ ਜੱਗ-ਬੀਤੀਆਂ ਜਾਂ ਇਨ੍ਹਾਂ ਦੋਹਾਂ ਦੇ ਮੇਲ ਤੋਂ ਉਤਪੰਨ ਹੋਈਆਂ ਹੁੰਦੀਆਂ ਹਨ। ਇਸ ਕਰਕੇ ਇਸ ਦੀਆਂ ਰਚਨਾਵਾਂ ਵਿੱਚ ਇਤਨੀ ਧੂਹ ਹੁੰਦੀ ਹੈ ਕਿ ਸਾਰੀ ਕਿਤਾਬ ਖ਼ਤਮ ਕੀਤੇ ਬਿਨਾਂ ਪਾਠਕ ਦੀ ਉਤਸੁਕਤਾ ਦੂਰ ਨਹੀਂ ਹੁੰਦੀ। ਕਹਾਣੀ ਦੇ ਮੁੱਖ ਪਲਾਟ ਤੇ ਅਧੀਨ ਪਲਟਾਂ ਦੇ ਢੁਕਵੇਂ ਜੋੜ-ਮੇਲ ਦਾ ਇਹ ਮੰਨਿਆ ਹੋਇਆ ਉਸਤਾਦ ਹੈ। "ਚਿੱਟੇ ਲਹੂ" ਵਿੱਚ ਇਸ ਦੀ ਇਹ ਜਾਦੂਗਰੀ ਵਿਸ਼ੇਸ਼ ਤੌਰ ਤੇ ਪਰਗਟ ਹੈ।

ਪੰਜਾਬੀ ਸਾਹਿੱਤ ਵਿੱਚ ਨਾਨਕ ਸਿੰਘ ਪਹਿਲਾ ਨਾਵਲਕਾਰ ਹੈ ਜਿਸ ਨੇ ਪਾਤਰ-ਉਸਾਰੀ ਕਰਨ ਸਮੇਂ ਮਨੁੱਖ ਨੂੰ ਮਨੁੱਖੀ ਪੱਧਰ ਤੇ ਰੱਖ ਕੇ ਉਲੀਕਿਆ ਹੈ। ਸਤੋਸ਼ਟ ਪੁਰਖਾਂ ਨੂੰ ਚਿਤਰਨ ਸਮੇਂ ਇਹ ਆਪਣੇ 'ਗੁਰਦੇਵ' ਗਿਆਨੀ ਬਾਗ਼ ਸਿੰਘ ਦੇ ਚਿੰਨ੍ਹ ਉਲੀਕ ਜਾਂਦਾ ਹੈ, ਜਿਵੇਂ 'ਅੱਧ ਖਿੜਿਆ ਫੁੱਲ' ਵਿੱਚ ਵਰਿਆਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਿੰਘ ਤੇ 'ਚਿੱਟਾ ਲਹੂ' ਵਿੱਚ ਬਚਨ ਸਿੰਘ। ਇਸ ਦੀ-ਹਰੇਕ ਰਚਨਾ ਵਿੱਚ ਇਕ ਅੱਧ ਸਰੇਸ਼ਟ ਪੁਰਖ ਕਿਸੇ ਨਾ ਕਿਸੇ ਸ਼ਕਲ ਵਿੱਚ ਜ਼ਰਰੂ ਝਲਕ ਦਿੰਦਾ ਹੈ ਜੋ ਕਿਸੇ ਆਦਰਸ਼ ਵੱਲ ਪਰੇਰ ਰਿਹਾ ਹੁੰਦਾ ਹੈ।

ਨਾਨਕ ਸਿੰਘ ਦੇ ਅਸਰ-ਪਜ਼ੀਰ ਦਿਲ ਨੇ ਆਪਣੀ ਮਾਂ ਦੀ ਨੇਕੀ, ਆਪਣੀ ਪਤਨੀ ਦੀ ਆਗਿਆਕਾਰੀ ਅਤੇ ਆਪਣੀ ਛੋਟੀ ਉਮਰ ਦੀ ਸਹੇਲੀ 'ਸਵਿਤਰੀ' ਨਾਂ ਦੀ ਲੜਕੀ ਦੇ ਜ਼ਬਤ ਤੇ ਸਵੈ-ਕਾਬੂ ਤੋਂ ਪਰਭਾਵਤ ਹੋ ਕੇ ਸਾਡੀ ਇਸਤਰੀ ਜਾਤੀ ਲਈ ਗੌਰਵਤਾ ਭਰਿਆ ਸਤਿਕਾਰ ਕਾਇਮ ਕਰ ਲਿਆ ਹੈ। ਇਸ ਕਰਕੇ ਇਨ੍ਹਾਂ ਦੀਆਂ ਨਾਇਕਾਂ ਠਰੰਮੇ, ਧੀਰਜ ਤੇ ਸਵੈ-ਕਾਬੂ ਵਾਲੀਆਂ ਹੁੰਦੀਆਂ ਹਨ, ਜੋ ਪਰਮਾਣੀਕ ਸਮਾਜੀ ਹੱਦਾਂ ਨੂੰ ਨਹੀਂ ਉਲੰਘਦੀਆਂ।

ਨਾਨਕ ਸਿੰਘ ਦੀ ਬੋਲੀ ਪੰਡਿਤਾਈ ਤੋਂ ਰਹਿਤ ਹੁੰਦੀ ਹੈ। ਉਰਦੂ ਤੇ ਹਿੰਦੀ ਦੇ ਸ਼ਬਦਾਂ ਦੀ ਵਰਤੋਂ ਦੇ ਬਾਵਜੂਦ ਇਸਦੀ ਲਿਖਤ ਦਾ ਵਹਾਉ ਮੈਦਾਨੀ ਨਦੀ ਵਾਂਗ ਮਟਕਦਾ ਰਵਾਂ ਰਵੀਂ ਚਲਦਾ ਹੈ।

ਨਾਨਕ ਸਿੰਘ ਦਬਿਆਂ ਲੋਕਾਂ ਦੀ ਆਵਾਜ਼ ਹੈ। ਬਾਲ-ਵਿਧਵਾਂ, ਅਛੂਤ ਜਾਤੀਆਂ, ਨਿਟਥਲ ਇਸਤਰੀਆਂ, ਮਜ਼ਦੂਰ ਤੇ ਕਾਮੇ ਅਤੇ ਗਰੀਬ ਸਾਹਿੱਤਕਾਰਾਂ ਦੀ ਇਸ ਨੇ ਦਿਲ ਖਿਚਵੇਂ ਵੰਗ ਨਾਲ ਵਕਾਲਤ ਕੀਤੀ ਹੈ। ਇਸ ਦੀ ਲੇਖਣੀ ਵਿੱਚ ਚੀਰਵੀਂ ਅਪੀਲ ਹੈ ਜੋ ਸਿੱਧੀ ਪਾਠਕਾਂ ਦੇ ਅੰਦਰ ਧਸ ਜਾਂਦੀ ਹੈ। ਇਸ ਨੂੰ ਹੁਨਰ 'ਕੇਵਲ ਹੁਨਰ ਲਈ' ਦੇ ਸਿਧਾਂਤ ਤੋਂ ਚਿੜ੍ਹ ਹੈ। ਇਹ ਆਪ ਲਿਖਦਾ ਹੈ, ਨਾਨਕ ਸਿੰਘ ਦਾ ਹੁਨਰ ਹੁਨਰ ਲਈ ਨਹੀਂ, ਹੁਨਰ ਸਮਾਜ ਲਈ ਹੈ, ਹੁਨਰ ਦੇਸ਼ ਲਈ ਹੈ, ਹੁਨਰ ਭੁਖਿਆਂ ਦਾ ਪੇਟ ਭਰਨ ਲਈ ਹੈ, ਹੁਨਰ ਨਿਰ-ਅੱਖਰਿਆਂ ਨੂੰ ਅੱਖਰ ਸਿਖਾਣ ਲਈ ਹੈ; ਹੁਨਰ ਉਜੜਿਆਂ ਨੂੰ ਆਬਾਦ ਕਰਨ ਲਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਹੁਨਰ ਰੁਲਦਿਆਂ ਨੂੰ ਗਲੇ ਲਾਉਣ ਲਈ ਹੈ।' ਨਿਰਸੰਦੇਹ ਨਾਨਕ ਸਿੰਘ ਦੀ ਪੰਜਾਬੀ ਸਾਹਿਤ ਵਿੱਚ ਓਹੀ ਥਾਂ ਹੈ ਜੋ ਅੰਗਰੇਜ਼ੀ ਵਿੱਚ ਡਿਕਨਜ਼ ਦੀ, ਬੰਗਾਲੀ ਵਿੱਚ ਬੰਕਮ ਚੰਦਰ ਦੀ ਅਤੇ ਹਿੰਦੀ ਵਿੱਚ ਪ੍ਰੇਮ ਚੰਦ ਦੀ ਹੈ।

ਨਾਨਕ ਸਿੰਘ ਪੰਜਾਬੀ ਸਾਹਿਤ ਦਾ ਚਮਕਦਾ ਸਿਤਾਰਾ ਹੈ। ਪੰਜਾਬ ਨੂੰ ਇਸ ਤੇ ਭਾਰਾ ਮਾਣ ਹੈ। ਇਸ ਦੀ ਜੀਵਨ-ਕਥਾ ਇਸ ਗੱਲ ਦਾ ਪਰਤੱਖ ਸਬੂਤ ਹੈ ਕਿ ਕੇਵਲ ਪੰਜ ਜਮਾਤਾਂ ਪੜ੍ਹਿਆ ਹੋਇਆ ਆਦਮੀ ਵੀ ਲਗਨ ਦੀ ਤੀਬਰਤਾ ਤੇ ਮਿਹਨਤ ਨਾਲ ਸਾਹਿੱਤ ਦੇ ਸੋ ਕੋਮਲ ਹੁਨਰ ਵਿੱਚ ਕਾਮਯਾਬੀ ਦੇ ਸਿਖਰਾਂ ਨੂੰ ਛੋਹ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸ੍ਰੀ ਦੇਵਿੰਦਰ ਸਤਿਆਰਥੀ



ਲੋਕ-ਗੀਤ ਲੋਕ-ਜੀਵਨ ਦਾ ਸੱਚਾ ਪ੍ਰਤਿਬਿੰਬ ਹਨ। ਇਨ੍ਹਾਂ ਨੂੰ ਅਸੀਂ ਲੋਕਾਂ ਦੇ ਸਵੈ-ਰਚਿਤ ਚਿਤਰ ਆਖ ਸਕਦੇ ਹਾਂ। ਕਿਸੇ ਦੇਸ ਦੇ ਲੋਕਾਂ ਦੇ ਦਿਲਾਂ ਨੂੰ ਪੜ੍ਹਣ ਲਈ ਲੋਕ ਗੀਤਾਂ ਦਾ ਪਾਠ, ਗਾਇਨ ਹਜ਼ਾਰਾਂ ਤਾਰੀਖਾਂ ਨਾਲੋਂ ਵਧੇਰੇ ਅਰਥ-ਭਰਪੂਰ ਹੈ। ਇਤਿਹਾਸ ਕੇਵਲ ਰਾਜਿਆਂ ਮਹਾਰਾਜਿਆਂ ਦੇ ਜੰਗਾਂ ਜੁਧਾਂ ਤੇ ਜਨਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਮਰਨ ਦੀਆਂ ਤਾਰੀਖਾਂ ਤੋਂ ਵਧ ਸਾਨੂੰ ਕੁਛ ਦਸਣਾ ਅਸਮਰਥ ਹੈ। ਇਹ ਲੋਕ-ਗੀਤ ਹੀ ਹਨ, ਜੋ ਲੋਕਾਂ ਦੇ ਜੀਵਨ ਦਾ ਸਹੀ ਸਹੀ ਚਿਤਰ ਸਾਡੇ ਸਾਹਮਣੇ ਪੇਸ਼ ਕਰਦੇ ਹਨ। ਲੋਕਾਂ ਨੇ ਆਪਣਾ ਆਪਾ ਪਾ ਕੇ ਇਨ੍ਹਾਂ ਨੂੰ ਬਣਾਇਆ ਤੇ ਲੋਕਾਂ ਨੇ ਹੀ ਇਨ੍ਹਾਂ ਨੂੰ ਗਾ ਗਾ ਕੇ ਲਿਸ਼ਕਾਇਆ ਹੈ।

ਅਜ ਲੋਕ-ਜੁਗ ਦੇ ਸਮੇਂ ਲੋਕਾਂ ਦੇ ਆਪੇ ਨੂੰ ਜਾਣਨਾ ਪਛਾਣਨਾ ਵਧੇਰੇ ਜ਼ਰੂਰੀ ਹੋ ਗਿਆ ਹੈ। ਜਿੰਤਨਾਂ ਚਿਰ ਤੁਸੀਂ ਲੋਕ ਹਿਰਦੇ ਦੀ ਪੁਸਤਕ ਦਾ ਪ੍ਰਤਾਲਿਆ ਨਹੀਂ ਕਰੋਗੇ, ਉਤਨਾ ਚਿਰ ਉਸ ਬਾਰੇ ਕੁਛ ਵੀ ਕਹਿਣਾ ਜਾਂ ਕਰਨਾ ਅਸੰਭਵ ਹੈ। ਸਕਾਟ ਲੈਂਡ ਦੇ ਪਰਸਿੱਧ ਦੇਸ਼ ਭਗਤ ਫ਼ਲੈਚਰ ਦੇ ਸ਼ਬਦਾਂ ਵਿਚ ਕਿਸੇ ਦੇਸ਼ ਦੇ ਲੋਕ ਗੀਤ ਉਥੋਂ ਦੇ ਵਿਧਾਨ ਨਾਲੋਂ ਵੀ ਵਧੀਕ ਮਹੱਤਤਾ ਭਰਪੂਰ ਵਸਤੂ ਹੁੰਦੇ ਹਨ, ਇਨਾਂ ਨੂੰ ਕਿਸੇ ਤਰਾਂ ਅਦਰਿਸ਼ਟ ਨਹੀਂ ਕੀਤਾ ਜਾ ਸਕਦਾ। ਇਹ ਇਕ ਅਜਿਹੀ ਕੌਮੀ ਦੌਲਤ ਹੈ, ਜਿਸ ਦਾ ਹੋਰ ਕਿਸੇ ਚੀਜ਼ ਨਾਲ ਵਟਾਂਦਰਾ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਹੋਰ ਕੋਈ ਚੀਜ਼ ਇਸ ਦੀ ਥਾਂ ਪੂਰੀ ਕਰ ਸਕਦੀ ਹੈ। ਇਸ ਲਈ ਇਸ ਪੂੰਜੀ ਦੀ ਸੰਭਾਲ ਕਰਨੀ ਸਾਹਿਤਕਾਰਾਂ ਦਾ ਇਕ ਜ਼ਰੂਰੀ ਕਰਤੱਵ ਹੈ।

ਪੰਜਾਬ ਕੁਦਰਤ ਦੀ ਰੰਗ ਭੂਮੀ ਹੈ, ਇਹ ਕੁਦਰਤ ਦੇ ਬਚਿਆਂ-ਅਲਬੇਲੇ, ਦਰਿਆਵਾਂ, ਪਹਾੜਾਂ, ਜੰਗਲਾਂ, ਬੋਲਿਆਂ, ਨਦੀਆਂ ਨਾਲਿਆਂ ਦਾ ਦੇਸ਼ ਹੈ। ਇਹ ਲੋਕਾਂ ਦਾ ਦੇਸ਼ ਹੈ, ਇਹ ਲੋਕ ਗੀਤਾਂ ਦਾ ਦੇਸ਼ ਹੈ। ਇਥੇ ਰਾਂਝਿਆਂ ਦੇ ਗੀਤਾਂ ਦੀ ਥਾਂ ਲੋਕਾਂ ਦੇ ਪ੍ਰਿਯ-ਨਾਇਕ ਨਾਇਕਾ ਹੀਰ ਰਾਂਝੇ, ਸੋਹਣੀ ਮਹੀਂਵਾਲ, ਸੱਸੀ ਪੁੰਨੂ, ਮਿਰਜ਼ਾ ਸਾਹਿਬਾਂ ਦੇ ਗੀਤ ਗਾਏ ਜਾਂਦੇ ਹਨ। ਇਥੋਂ ਦਾ ਜ਼ਰਰਾ ਜ਼ਰਰਾ ਇਨ੍ਹਾਂ ਗੀਤਾਂ ਨਾਲ ਗੂੰਜ ਰਿਹਾ ਹੈ। ਕੋਈ ਥਾਂ ਨਹੀਂ ਜਿਥੇ ਕੋਈ ਸ਼ੱਦ ਯਾ ਧੁਨੀ ਨਾ ਸੁਣਾਈ ਦੇਂਦੀ ਹੋਵੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਸ ਜੀਉਂਦੀ ਜਾਗਦੀ ਸੰਗੀਤਕ ਦੌਲਤ ਦੀ ਸੰਭਾਲ ਵਲ ਅਜ ਤੱਕ ਧਿਆਨ ਨਹੀਂ ਸੀ ਦਿੱਤਾ ਗਿਆ। ਸ੍ਰੀ ਦੇਵਿੰਦਰ ਸਤਿਆਰਥੀ ਪੰਜਾਬ ਦੇ ਪਹਿਲੇ ਉਹ ਮਹਾਨ ਸਾਹਿਤਕਾਰ ਹਨ ਜਿਨ੍ਹਾਂ ਕੌਮ ਦੀ ਇਸ ਅਮੋਲਕ ਪੂੰਜੀ ਦੀ ਸੰਭਾਲ ਲਈ ਦਿਨ ਰਾਤ ਇਕ ਕਰ ਕੇ ਮੇਹਨਤ ਕੀਤੀ ਹੈ ਤੇ ਆਪਣਾ ਜੀਵਨ ਹੀ ਇਸ ਪਾਸੇ ਸੌਂਪ ਦਿਤਾ ਹੈ। ਉਨ੍ਹਾਂ ਕੇਵਲ ਪੰਜਾਬੀ ਲੋਕ-ਗਤੀ ਹੀ ਸੰਚਤ ਨਹੀਂ ਕੀਤੇ ਸਗੋਂ ਹਿੰਦੁਸਤਾਨ ਦੇ ਸਮੂਹ ਪ੍ਰਾਂਤਾਂ ਤੇ ਹੋਰ ਬਾਹਰਲੇ ਦੇਸਾਂ ਤੋਂ ਵੀ ਇਸ ਦੌਲਤ ਨੂੰ ਇਕਠਿਆਂ ਕੀਤਾ। ਇਸ ਸਮੇਂ ਤਕ ਉਹ ਲਗ ਭਗ ਚਾਲੀ ਜ਼ਬਾਨਾਂ ਵਿਚੋਂ ੨ ਲਖ ਦੇ ਕਰੀਬ ਲੋਕ ਗੀਤ ਸੰਗ੍ਰਹਿ ਕਰ ਚੁਕੇ ਹਨ। ਉਨ੍ਹਾਂ ਦਾ ਇਹ ਕੀਤਾ ਕੰਮ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਜੋ ਕੰਮ ਕਿਸੇ ਵੱਡੀ ਸੰਸਥਾ ਨੇ ਬੜੇ ਯਤਨਾਂ ਨਾਲ ਸਾਲਾਂ ਬਾਅਦ ਕਰਨਾ ਸੀ, ਉਹ ਸਤਿਆਰਥੀ ਜੀ ਨੇ ਖਾਨਾ-ਬਦੋਸ਼ਾਂ ਵਾਲੀਆਂ ਕਈ ਮੁਸੀਬਤਾਂ ਝਾਗ ਕੇ ਇਕਲਿਆਂ ਹੀ ਕਰ ਵਿਖਾਇਆ ਹੈ। ਨਿਰ ਸੰਦੇਹ ਇਸ ਛੇਤਰ ਵਿਚ ਉਨ੍ਹਾਂ ਦਾ ਮੁਕਾਬਲਾ ਕੋਈ ਸਾਹਿਤਕਾਰ ਨਹੀਂ ਕਰ ਸਕਦਾ। ਸ੍ਰੀ ਰਾਜ ਗੋਪਾਲ ਅਜ਼ਾਰੀਆ ਨੇ ਇਕ ਵੇਰ ਠੀਕ ਆਖਿਆ ਸੀ ਕਿ ਜੋ ਕੰਮ ਸਤਿਆਰਥੀ ਜੀ ਨੇ ਇਕਲਿਆਂ ਕੀਤਾ ਹੈ, ਉਹ ਕੰਮ ਯੂਨੀਵਰਸ਼ਟੀਆਂ ਦੇ ਕਰਨ ਦਾ ਸੀ।

ਸ੍ਰੀ ਸਤਿਆਰਥੀ ਜੀ ਦਾ ਜਨਮ ਖਿੰਡ ਭਦੌੜ ਜ਼ਿਲਾ ਬਰਨਾਲਾ (ਪਟਿਆਲਾ ਯੂਨੀਅਨ) ਵਿਚ ਲਾਲਾ ਧਾਲੀ ਰਾਮ ਬੱਤਾ ਦੇ ਘਰ ੨੭ ਮਈ, ੧੯੦੮ ਈ: ਨੂੰ ਹੋਇਆ। ਆਪ ਨੇ ਮੁਢਲੀ ਵਿਦਿਆ ਪਿੰਡ ਤੋਂ ਪਰਾਪਤ ਕਰਕੇ ਡੀ, ਐਮ, ਸਕੂਲ ਮੋਗਾ ਵਿਚ ਮੈਟ੍ਰਿਕ ਪਾਸ ਕੀਤੀ। ਇਸੇ ਸਮੇਂ ਆਪ ਨੂੰ ਲੋਕ ਗੀਤ ਸੰਗ੍ਰਹਿ ਕਰਨ ਦੀ ਚੇਟਕ ਲਗ ਚੁੱਕੀ ਸੀ। ਕੁਛ ਸਮਾ ਡੀ. ਏ. ਵੀ ਕਾਲਜ ਲਾਹੌਰ ਤੇ ਮਹਿੰਦਰਾ ਕਾਲਜ, ਪਟਿਆਲਾ ਵਿਚ ਪੜ੍ਹਦੇ ਰਹੇ ਪਰੰਤੂ ਇਸ ਚੇਟਕ ਨੇ ਪੜ੍ਹਾਈ ਵਿਚ ਦਿਲ ਨਾ ਲੱਗਣ ਦਿੱਤਾ। ਆਖਰ ਸਾਰੀ ਪੜ੍ਹਾਈ

ਪੁਸਤਕਾਲਯ

CC-0. In Public Domain. Gurukul Kangri Collection, Haridwar

ਗੁਰੁਕੁਲ ਕਾਂ. ਗੜੀ

Digitized by Arya Samaj Foundation Chennai and eGangotri
ਵਿਚੋ ਛਡ ਕੇ ਲੋਕ ਗੀਤਾਂ ਪਿਛੇ ਰਮਤ ਹੋ ਤੁਰੇ । ਕਸ਼ਮੀਰ ਵੱਲ ਗਏ ਗੁਜਰਾਤ, ਮਹਾਂਰਾਸ਼ਟਰ, ਬੰਗਾਲ, ਰਾਜਪੂਤਾਨਾ ਆਦਿ ਦਾ ਦੌਰਾ ਕੀਤਾ। ਥਾਂ ਥਾਂ ਜੋ ਗੀਤ ਮਿਲੇ ਇਕੱਤਰ ਕਰਦੇ ਗਏ। ਘਰ ਦਿਆਂ ਆਪਣੇ 'ਅਵਾਰਾ ਪੁਤ' ਨੂੰ ਕਾਬੂ ਕਰਨ ਲਈ 'ਵਿਆਹ ਬੰਧਨ' ਦੀ ਫਾਹੀ ਵੀ ਪਾਈ ਪਰ ਇਸ ਵਿਚ ਉਨ੍ਹਾਂ ਨੂੰ ਸਫਲਤਾ ਨਾ ਹੋਈ। ਵਿਆਹ ਤੋਂ ਪਿਛੋਂ ਵੀ ਉਨ੍ਹਾਂ ਆਪਣੇ ਲਗਨ ਤੇ ਸ਼ੌਕ ਅਨੁਸਾਰ ਲੋਕ ਗੀਤਾਂ ਦੀ ਖੋਜ ਜਾਰੀ ਰੱਖੀ। ਇਹ ਗੀਤਾਂ ਲਈ ਨਚਦਾ ਨਚਦਾ ਚਾਅ ਦਰ ਅਸਲ ਆਪ ਦਾ ਪੈਰ ਨਹੀਂ ਸੀ ਲਗਣ ਦਿੰਦਾ। ਦੇਸ਼ ਦਾ ਚੱਪਾ ਚੱਪਾ ਫੋਲ ਮਾਰਿਆ, ੧੯੩੨ ਵਿਚ ਬਰਮਾ ਦਾ ਦੌਰਾ ਕੀਤਾ, ਲੰਕਾ ਵੀ ਤੱਕੀ। ਗਰ ਕੀ ਸਤਿਆਰਥੀ ਜੀ ਨੇ ਲੋਕ-ਗੀਤ-ਸੰਗ੍ਰਹਿ ਆਪਣਾ ਜੀਵਨ ਉਦੇਸ਼ ਹੀ ਨਹੀਂ ਬਣਾਇਆ ਸਗੋਂ ਉਹ ਖੁਦ ਗੀਤ ਰੂਪ ਬਣ ਗਏ । ਪ੍ਰਿੰਸੀਪਲ ਤੇਜਾ ਸਿੰਘ ਜੀ ਆਪ ਦੇ ਇਸ ਸ਼ੌਕ ਦਾ ਜ਼ਿਕਰ ਕਰਦੇ ਲਿਖਦੇ ਹਨ; ਲਗਨ ਇਤਨੀ ਹੈ ਕਿ ਸਤਿਆਰਥੀ ਜੀ ਆਪਣੇ ਕੰਮ ਦਾ ਆਪ ਹੀ ਨਮੂਨਾ ਬਣ ਗਏ ਹਨ। ਮੈਨੂੰ ਤਾਂ ਉਨ੍ਹਾਂ ਦਾ ਦਰਸ਼ਨ ਹਿੰਦ ਦੇ ਗੀਤਾਂ ਦਾ ਦਰਸ਼ਨ ਭਾਸਦਾ ਹੈ। ਗੀਤ ਵਾਕਰ ਹੀ ਅਲਬੇਲੀ ਸੂਰਤ, ਕੋਮਲ ਮਿੱਠਾ ਸੁਭਾਉ ਅਤੇ ਪਰੀਤ ਦੀਆਂ ਰੀਝਾਂ ਵਾਲੀ ਰਸ-ਗੁਧੀ ਤਬੀਅਤ। ਉਨ੍ਹਾਂ ਨੂੰ ਦੇਖ ਕੇ ਕੋਈ ਨਹੀਂ ਕਹਿ ਸਕਦਾ ਕਿ ਇਹ ਕਿਸ ਸੂਬੇ ਦੇ ਵਸਨੀਕ ਜਾਂ ਕਿਸ ਧਰਮ ਦੇ ਅਨੁਆਈ ਹਨ।"

ਇਹ ਬਿਲਕੁਲ ਸੱਚ ਹੈ "ਲੋਕੀ ਉਨ੍ਹਾਂ ਨੂੰ ਗੀਤਾਂ ਦਾ ਦੇਵਤਾ ਸਮਝ ਕੇ ਆਪਣੇ ਦਿਲਾਂ ਦੇ ਭੰਡਾਰ ਖੋਲ੍ਹ ਦਿੰਦੇ ਹਨ। ਕਵੀ ਟੈਗੋਰ ਤੇ ਮ: ਗਾਂਧੀ ਜਿਹੀਆਂ ਉੱਚ ਹਸਤੀਆਂ ਤੋਂ ਹੀ ਨਹੀਂ, ਸਗੋਂ ਦੇਸ਼ ਦੀ ਆਮ ਲੁਕਾਈ ਤੋਂ ਵੀ ਸਤਿਆਰਥੀ ਜੀ ਨੂੰ ਪਿਆਰ ਦੀ ਸੱਦ ਪਈ ਹੈ।"

ਰਾਬਿੰਦਰ ਨਾਥ ਟੈਗੋਰ ਆਪ ਬਾਰੇ ਲਿਖਦੇ ਹਨ:-

"ਪ੍ਰੋ: ਦੇਵਿੰਦਰ ਸਤਿਆਰਥੀ ਪਾਸੋਂ ਗ੍ਰਾਮ ਗੀਤ ਤੇ ਕਵਿਤਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੁਣ ਕੇ ਮੈਨੂੰ ਬੜੀ ਪ੍ਰਸੰਨਤਾ ਹੋਈ ਹੈ। ਇਨ੍ਹਾਂ ਦੇ ਸੰਗ੍ਰਹਿ ਲਈ ਉਨ੍ਹਾਂ ਨੂੰ ਹਿੰਦੁਸਤਾਨ ਦੇ ਵਖੋ ਵਖ ਪਰਾਂਤਾ ਦੀ ਯਾਤਰਾ ਕਰਨੀ ਪਈ ਹੈ, ਇਹ ਇਕ ਬਹੁ-ਮੁੱਲਾ ਕੰਮ ਹੈ।" ਆਮ ਲੋਕਾਂ ਦੇ ਜੀਵਨ ਵਿਚ ਵੀ ਸਾਹਿਤ ਰਚਨਾ ਲਈ ਰਸਪੂਰਤ ਇਲਹਾਮ ਹੁੰਦਾ ਹੈ। ਏਸ ਤੋਂ ਜਾਣੂ ਹੋਣ ਲਈ ਸਤਿਆਰਥੀ ਜੀ ਨੇ ਸਾਡੀ ਜੋ ਸਹਾਇਤਾ ਕੀਤੀ ਹੈ, ਉਸ ਲਈ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।

ਮਹਾਤਮਾ ਗਾਂਧੀ ਜੀ ਕਹਿੰਦੇ ਹਨਃ—

"ਸ੍ਰੀ ਦੇਵਿੰਦ ਸਤਿਆਰਥੀ ਜੀ ਦੀ ਮੁਬਾਰਕ ਧੁਨ ਸਦਕੇ ਮੈਨੂੰ ਉਨ੍ਹਾਂ ਦੇ ਸ਼ਾਨਦਾਰ ਗ੍ਰਾਮ ਗੀਤ ਸੰਗ੍ਰਿਹ ਦੇ ਦਰਸ਼ਨ ਹੋਏ, ਜਿਸ ਲਈ ਉਹ ਹਿੰਦੁਸਤਾਨ ਦੇ ਵੱਖੋ ਵੱਖ ਪ੍ਰਾਂਤਾਂ ਦੀ ਯਾਤਰਾ ਕਰਦੇ ਰਹੇ ਹਨ।"

ਪੰਡਤ ਮਦਨ ਮੋਹਨ ਮਾਲਵੀ ਜੀ ਸਤਿਆਰਥੀ ਜੀ ਨੂੰ ਇਕ ਚਿੱਠੀ ਵਿਚ ਲਿਖਦੇ ਹਨ "ਆਪ ਦੇ ਹਿੰਦੁਸਤਾਨੀ ਗ੍ਰਾਮ-ਗੀਤ-ਸੰਗ੍ਰਹਿ ਵਿੱਚੋਂ ਸੋਹਣੇ ਸੋਹਣੇ ਨਮੂਨੇ ਤੁਹਾਡੇ ਮੂੰਹੋਂ ਸੁਣ-ਕੇ ਬਹੁਤ ਖੁਸ਼ੀ ਹੋਈ ਹੈ। ਇਨ੍ਹਾਂ ਵਿੱਚ ਜੋ ਕਹਣਾ ਹਥ, ਕੋਮਲ ਕਵਿਤਾ ਅਤੇ ਆਮ ਸਿਆਣਪ ਭਰੀ ਪਈ ਹੈ, ਉਸ ਨੂੰ ਸੁਣਜੀਤ ਕਰਨਾ ਬਹੁਤ ਜ਼ਰੂਰੀ ਹੈ।"

ਦੇਸ਼ ਦੇ ਇਨ੍ਹਾਂ ਮਹਾਨ ਨੇਤਾਵਾਂ ਦੇ ਅਸ਼ੀਰਵਾਦਾਂ ਤੇ ਪਰਸੰਸਾਵਾਂ ਤੋਂ ਪਰਗਟ ਹੈ ਕਿ ਸਤਿਆਰਥੀ ਜੀ ਦੇ ਕੰਮ ਦੀ ਕਿਤਨੀ ਮਹਾਨਤਾ ਤੇ ਵਿਸ਼ਾਲਤਾ ਹੈ। ਰਾਤ ਦਿਨ ਉਹ ਆਪਣੀ ਇਸ ਧੁਨ ਵਿੱਚ ਲੱਗੇ ਰਹਿੰਦੇ ਹਨ। ਭਾਵੇਂ ਉਹ ਬਹੁਤ ਜ਼ਬਾਨਾਂ ਨਹੀਂ ਵੀ ਜਾਣਦੇ ਪਰੰਤੂ ਉਨ੍ਹਾਂ ਦੇ ਲੋਕ-ਗੀਤ-ਇਸ਼ਕ ਅੱਗੇ ਬੋਲੀਆਂ ਦੇ ਭਾਵ ਆਪਣੇ ਆਪ ਖੁਲ੍ਹਦੇ ਗਏ ਹਨ। ਇਉਂ ਮਾਲੂਮ ਹੁੰਦਾ ਹੈ ਜਿਵੇਂ ਲੋਕ-ਗੀਤ ਇਸ ਲੋਕਾਂ-ਗੀਤਾਂ ਦੇ ਦੇਵਤੇ ਦੀ ਉਡੀਕ ਕਰ ਰਹੇ ਸਨ ਤੇ ਹੁਣ ਉਹ ਆਪਣੇ ਪਿਆਰੇ ਨੂੰ ਹਰ ਥਾਂ ਪਛਾਣ ਪਛਾਣ ਨੇੜੇ ਆ ਰਹੇ ਹਨ। ਸ੍ਰ: ਗੁਰਬਖ਼ਸ਼ ਸਿੰਘ ਦੇ ਸ਼ਬਦਾਂ ਵਿੱਚ "ਸਤਿਆਰਥੀ ਜੀ ਦਾ ਗੀਤ ਇਕੱਠੇ ਕਰਨ ਦਾ ਢੰਗ ਨਿਰਾਲਾ ਹੈ। ਜ਼ਬਾਨ ਆਵੇ ਨਾ ਆਵੇ, ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਰ ਜ਼ਬਾਨ ਦੇ ਗੀਤ ਲਿਖ ਲੈ ਦੇ ਹਨ। ਉਠਦੇ, ਬੈਠਦੇ, ਖਾਂਦੇ, ਪੀਂਦੇ ਤੇ ਤੁਰਦੇ ਫਿਰਦੇ ਉਨ੍ਹਾਂ ਨੂੰ ਸਦਾ ਏਹੀ ਧੁਨ ਰਹਿੰਦੀ ਹੈ ਕਿ ਕੋਈ ਨਵਾਂ ਗੀਤ ਲੱਭੇ। ਉਹ ਜਿਸ ਨੂੰ ਵੀ ਮਿਲਦੇ ਹਨ, ਉਸ ਕੋਲੋਂ ਗੀਤਾਂ ਦੀ ਮੰਗ ਕਰਦੇ ਹਨ।"

ਅਜਿਹੀ ਲੱਗਨ, ਉਤਸ਼ਾਹ ਤੇ ਸ਼ੌਕ ਨੇ ਹੀ ਉਨ੍ਹਾਂ ਪਾਸੋਂ ਇਤਨਾ ਮਹਾਨ ਕੰਮ ਕਰਵਾਇਆ ਹੈ ਜਿਸ ਦੀ ਇਕ ਮਤੇ ਰਾਹੀਂ 'ਹਿੰਦੀ ਸਾਹਿਤ ਸੰਮੇਲਨ' ਨੇ ਵੀ ਖਰਸੰਸਾ ਕੀਤੀ ਹੈ।

ਆਪ ਦੇ ਕੀਮਤੀ ਲੇਖ ਦੇਰ ਤੋਂ 'ਮਾਡਰਨ ਰੀਵੀਊ' ਵਿਸ਼ਾਲ ਭਾਰਤ ਆਦਿ ਵਿੱਚ ਪਰਕਾਸ਼ਤ ਹੁੰਦੇ ਰਹੇ ਹਨ। ਪਰਸਿੱਧ ਅਮਰੀਕਨ ਰਸਾਲਾ "ਏਸ਼ੀਆ" ਵੀ ਆਪਦੇ ਲੇਖਾਂ ਨੂੰ ਬੜੇ ਆਦਰ ਨਾਲ ਪਰਕਾਸ਼ਤ ਕਰਦਾ ਹੈ। ਅੱਜ ਕੱਲ ਆਪ ਭਾਰਤ ਸਰਕਾਰ ਦੇ ਮਾਸਕ ਪੱਤਰ ਹਿੰਦੀ 'ਆਜ ਕਲ' ਦੇ ਸੰਪਾਦਕ ਹਨ। ਆਪ ਦੀਆਂ ਰਚਨਾਵਾਂ ਦਾ ਵੇਰਵਾ ਇਹ ਹੈ :-

ਪੰਜਾਬੀ
- ੧-ਗਿੱਧਾ
- ੨-ਦੀਵਾ ਬਲੇ ਸਾਰੀ ਰਾਤ
- ੩-ਧਰਤੀ ਦੀਆਂ ਵਾਜਾਂ (ਕਵਿਤਾ)
- ੪-ਮੁੜਕਾ ਤੇ ਕੱਣਕ ,,
- ੫-ਕੁਰਗ ਪੋਸ਼ (ਕਹਾਣੀ)
- ੬-ਸੋਨਾ-ਗਾਚੀ ,,

ਹਿੰਦੀ
- ੭-ਧਰਤੀ ਗਾਤੀ ਹੈ (ਲੋਕ ਗੀਤ)
- ੮-ਧੀਰੇ ਵਹੋ ਗੰਗਾ ,,
- ੯-ਬੇਲਾ ਫੂਲੇ ਆਧੀ ਰਾਤ ,,
- ੧੦-ਜਯ ਲੋਕ ਗੀਤ (ਲੋਕ ਗੀਤ)
- ੧੧-ਏਕ ਯੁਗ ਏਕ ਪਰਤੀਕ (ਲੇਖ)
- ੧੨-ਰੇਖਾਏਂ ਬੋਲ ਉਠੀਂ ,
- ੧੩-ਕਿਆ ਗੋਰੀ ਕਿਆ ਸਾਂਵਰੀ ,,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਕਵਿਤਾਵਾਂ)

੧੪–ਚਿਟਾਨ ਸੇ ਪੂਛ ਲੋ
੧੫–ਚਾਏ ਕਾ ਰੰਗ ,,
੧੬–ਸੜਕ ਨਹੀਂ ਬੰਦੂਕ ,,
੧੭–ਨਏ ਧਾਨ ਸੇ ਪਹਿਲੇ ,,
੧੮–ਬੰਦਨਵਾਰ (ਕਵਿਤਾ)

ਉਰਦੂ ੧੯–ਮੈਂ ਹੂੰ ਖ਼ਾਨਾ ਬਦੋਸ਼
੨੦–ਨਏ ਦੇਵਤਾ
੨੧–ਔਰ ਬਾਂਸੁਰੀ ਬਜਤੀ ਰਹੀ
੨੨–ਗਾਏ ਜਾ ਹਿੰਦੁਸਤਾਨ

ਅੰਗਰੇਜ਼ੀ ੨੩–Meet my people

ਸ਼ਤਿਆਰਥੀ ਜੀ ਕੇਵਲ ਨਿਰੇ ਪੁਰੇ ਲੋਕ–ਗੀਤ ਸੰਗ੍ਰਹਿਕਾਰ ਹੀ ਨਹੀਂ, ਇਸ ਤੋਂ ਇਲਾਵਾ ਉਹ, ਕਵੀ, ਕਹਾਣੀਕਾਰ ਤੇ ਸੁੰਦਰ ਰਸ ਭਰੇ ਲੇਖਾਂ ਦੇ ਲੇਖਕ ਵੀ ਹਨ। ਉਨ੍ਹਾਂ ਦੀ ਕਲਮ ਵਿੱਚ ਇਕ ਅਜੀਬ ਜਿਹੀ ਜਾਦੂਗਰੀ ਹੈ ਜੋ ਕਿ ਲੋਕ–ਗੀਤਾਂ ਦੀ ਛੁਹ ਨਾਲ ਆਈ ਜਾਪਦੀ ਹੈ। ਤੁਸੀਂ ਉਨ੍ਹਾਂ ਦੀ ਕੋਈ ਕਵਿਤਾ ਲੇਖ ਯਾ ਕਹਾਣੀ ਪੜ੍ਹੋ, ਲੋਕ–ਗੀਤਾਂ ਦੇ ਚੇਹਰੇ ਉਸ ਵਿਚੋਂ ਸਾਫ਼ ਝਲਕਦੇ ਦਿਸ ਆਉਣਗੇ। ਉਨ੍ਹਾਂ ਦੀ ਆਪਣੀ ਹਸਤੀ ਵੀ ਨਿਰਾਲਾ ਰੰਗ ਰੂਪ ਰੱਖਦੀ ਹੈ। ਲੰਮੀ ਲੰਮੀ ਦਾੜ੍ਹੀ, ਲੱਟਕਦੇ ਕੇਸ, ਗੀਤਾਂ ਦੀ ਸ਼ਾਨ ਵਿੱਚ ਦਮਕਦਾ ਮੱਥਾ; ਰਮਤਾ ਚਾਲ ਤੇ ਮਧੁਰ ਸੁਭਾ ਉਨ੍ਹਾਂ ਨੂੰ ਅਲੌਕਿਕ ਜਿਹਾ ਬੰਦਾ ਬਣਾ ਦੇਂਦੇ ਹੈ। ਉਨ੍ਹਾਂ ਦਾ ਸਾਹਿਤਕ ਆਦਰਸ਼ ਲੋਕਵਾਦ ਹੈ। ਉਹ ਲੋਕ–ਭਲਾਈ ਨੂੰ ਮੁਖ ਰੱਖ ਕੇ ਹੀ ਆਪਣੀ ਕਲਮ ਚਲਾਉਂਦੇ ਹਨ। ਇਕ ਥਾਂ ਉਹ ਆਪਣੇ ਆਦਰਸ਼ ਦੀ ਸਸ਼ਪਟਤਾ ਕਰਦੇ ਲਿਖਦੇ ਹਨ, "ਰਾਜਿਆਂ ਦੀ ਪਰਸੰਸਾ ਦੀ ਥਾਂ ਅੱਜ ਧਰਤੀ ਦੇ ਬੇਟਿਆਂ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ। ਸਰਮਾਏਦਾਰਾਂ ਦੇ ਝੋਲੀ ਚੁਕ ਬਣਨ ਦੀ ਥਾਂ ਜਨਤਾ ਦਾ ਪੱਖ ਲੈਣ ਨਾਲ ਹੀ ਧਰਤੀ ਦਾ ਅਸ਼ੀਰਵਾਦ ਮਿਲ ਸਕਦਾ ਹੈ....."

ਅਗਾਂਹ ਵਧੂ ਸਾਹਿਤ ਦਾ ਆਦਰਸ਼ ਹੈ ਇਕ ਨਵਾਂ ਸੰਸਾਰ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਿਸ ਵਿਚ ਆਦਮੀ ਆਦਮੀ ਇਕ ਹੋਣਗੇ ਤੇ ਇਸ ਸਮਾਨਤਾ ਦੀ ਸ਼ਕਤੀ ਇਤਨੀ ਵੱਧ ਜਾਏਗੀ ਕਿ ਕੋਈ ਕਿਸੇ ਦਾ ਗੁਲਾਮ ਨਹੀਂ ਰਹੇਗਾ। ਧਰਤੀ ਨੂੰ ਸੁਖ ਦਾ ਸਾਹ ਆਵੇਗਾ, ਮੈਂ ਇਸੇ ਆਦਰਸ਼ ਦਾ ਹਾਮੀ ਹਾਂ।''

ਇਸੇ ਆਦਰਸ਼ ਲਈ ਸਤਿਆਰਥੀ ਜੀ ਨੇ ਆਪਣੀ ਕਲਮ ਵਾਹੀ ਹੈ। ਆਪ ਦੀ ਇਹ ਘਾਲ ਕਮਾਈ ਇਕ ਬੇਮਿਸਾਲ ਸਾਹਿਤਕ ਘਾਲ ਹੈ। ਜਿਤਨਾ ਚਿਰ ਲੋਕ ਜੀਊਂਦੇ ਹਨ, ਉਤਨਾ ਚਿਰ ਇਸ ਲੋਕ-ਗੀਤਾਂ ਦੇ ਦੇਵਤੇ ਦੀ ਅਮਰ ਘਾਲ ਜੀਊਂਦੀ ਜਾਗਦੀ ਰਹੇਗੀ ਤੇ ਇਸ ਅਮਰ ਸਾਹਿਤਕਾਰ ਦੀ ਸ਼ਾਨ ਨੂੰ ਦੂਣ ਸਵਾਇਆ ਕਰਦੀ ਰਹੇਗੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨਮਾਨ-ਪੱਤਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਕਾਰ ਪਟਿਆਲਾ ਅਤੇ ਪੂਰਬੀ ਪੰਜਾਬ ਰਿਆਸਤੀ ਯੂਨੀਅਨ

ਸਨਮਾਨ-ਪੱਤਰ

ਜੋ ਮਹਿਕਮਾਂ ਪੰਜਾਬੀ ਵਲੋਂ ੧੧ ਮਾਰਚ, ੧੯੫੧ ਨੂੰ ਪੰਜਾਬੀ ਦਰਬਾਰ ਵਿਚ, ਪੰਜਾਬੀ ਦੇ ਪਰਸਿੱਧ ਵਿਦਵਾਨ ਤੇ ਅਣ-ਥੱਕ ਖੋਜੀ, ਪ੍ਰਿੰਸੀਪਲ ਤੇਜਾ ਸਿੰਘ ਜੀ ਦੀ ਸੇਵਾ ਵਿਚ ਭੇਟਾ ਕੀਤਾ ਗਿਆ।

ਸਤਿਕਾਰ ਜੋਗ ਪ੍ਰਿੰਸੀਪਲ ਸਾਹਿਬ ਜੀਓ!

'ਮਹਿਕਮਾ ਪੰਜਾਬੀ' ਆਪ ਜੈਸੇ ਸਿਰ-ਮੌਰ ਵਿਦਵਾਨ ਨੂੰ ਸਨਮਾਨ-ਪੱਤਰ ਭੇਟ ਕਰਦਿਆਂ ਫ਼ਖ਼ਰ ਮਹਿਸੂਸ ਕਰ ਰਿਹਾ ਹੈ। ਆਪ ਜੀ ਨੇ ਪੰਜਾਬੀ ਬੋਲੀ, ਸਾਹਿਤ ਤੇ ਸਭਿਆਚਾਰ ਦੀ ਪਿਛਲੇ ੩੦-੩੫ ਸਾਲ ਇਕ-ਰਸ ਸੇਵਾ ਕਰ ਕੇ ਪੰਜਾਬੀਆਂ ਦੇ ਦਿਲਾਂ ਅੰਦਰ ਸਤਿਕਾਰ ਭਰੀ ਥਾਂ ਪੈਦਾ ਕਰ ਲਈ ਹੈ। ਇਸ ਸੂਬੇ ਦੇ ਸਭਿਆਚਾਰ ਬਾਰੇ ਤੁਸਾਂ ਇਤਨਾ ਕੁਝ ਲਿਖਿਆ ਤੇ ਬੋਲਿਆ ਹੈ ਕਿ ਬਹੁਤ ਸਾਰੇ ਹਿੰਦੁਸਤਾਨੀ ਜੋ ਕੁਝ ਪੰਜਾਬ ਬਾਰੇ ਜਾਣਦੇ ਹਨ, ਉਹ ਆਪ ਜੀ ਦੀ ਕਲਮ ਜਾਂ ਅਵਾਜ਼ ਰਾਹੀਂ ਜਾਣਦੇ ਹਨ। ਸੱਚੀ ਗੱਲ ਤਾਂ ਇਹ ਹੈ ਕਿ ਅਨੇਕਾਂ ਨੇ ਪੰਜਾਬ ਦੇ ਸਭਿਆਚਾਰ ਨੂੰ ਆਪ ਦੀਆਂ ਅੱਖਾਂ ਰਾਹੀਂ ਤੱਕਿਆ ਹੈ ਅਤੇ ਆਪ ਦੇ ਦਿਲ ਰਾਹੀਂ ਮਾਣਿਆ ਹੈ। ਸੁਰਗਵਾਸੀ ਪ੍ਰੋ: ਪੂਰਨ ਸਿੰਘ ਜੀ ਦੇ ਪਿੱਛੋਂ ਵਿਸ਼ੇਸ਼ ਕਰਕੇ ਅੰਗਰੇਜ਼ੀ ਜਾਣਨ ਵਾਲੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੋਕਾਂ ਲਈ, ਤੁਸੀਂ 'ਪੰਜਾਬ ਦੀ ਆਵਾਜ਼' ਬਣੇ ਰਹੇ ਹੋ ਅਤੇ ਸਾਡੇ ਗੈਰ-ਸਰਕਾਰੀ ਸਫ਼ੀਰ ਦਾ ਕੰਮ ਭੁਗਤਾਉਂਦੇ ਰਹੇ ਹੋ। ਆਪ ਜੀ ਨੇ ਲੈਕਚਰਾਂ ਰਾਹੀਂ ਹਿੰਦੁਸਤਾਨ ਦੇ ਵੱਖ ਹਿੱਸਿਆਂ, ਸਗੋਂ ਮਲਾਇਆ ਤਕ ਪੰਜਾਬੀ ਸਭਿਆਚਾਰ ਦਾ ਸੁਨੇਹਾ ਦੇ ਕੇ ਸਾਨੂੰ ਮਾਣ ਬਖਸ਼ਿਆ ਹੈ।

ਸਨਮਾਨ ਜੋਗ ਜੀਓ, ਜਿਥੇ ਹਿੰਦੁਸਤਾਨ ਭਰ ਵਿੱਚ ਆਪ ਜੀ ਨੂੰ ਅੰਗਰੇਜ਼ੀ ਦਾ ਲਾਇਕ ਪ੍ਰੋਫ਼ੈਸਰ, ਲੇਖਕ ਤੇ ਇਤਿਹਾਸਕਾਰ ਮੰਨਿਆਂ ਜਾਂਦਾ ਹੈ ਉਥੇ ਪੰਜਾਬੀ ਸੰਸਾਰ; ਪੰਜਾਬੀ ਬੋਲੀ ਨੂੰ ਟਕਸਾਲੀ ਬਣਾਉਣ ਬਾਰੇ ਖੁਹਾਡੀਆਂ ਘਾਲਾਂ ਕਾਰਨ ਤੁਹਾਡਾ ਸਦਾ ਰਿਣੀ ਰਹੇਗਾ।

੧੯੨੩ ਵਿੱਚ ਜਦੋਂ ਤੁਸੀਂ ਪੁਰਾਣੀ ਪੰਜਾਬੀ ਵਿੱਚ ਵਰਤੀਆਂ ਲਗਾਂ-ਮਾਤਰਾਂ ਦੇ ਨੇਮ ਲੱਭੇ (ਸ਼ਬਦਾਂਤਕ ਲਗਾਂ-ਮਾਤਰਾਂ) ਤਾਂ ਓਦੋਂ ਹੀ ਸੂਝਵਾਨਾਂ ਨੂੰ ਤੁਹਾਡੀ ਸਿਰੜੀ ਤੇ ਖੋਜੀ ਰੁਚੀ ਦਾ ਪਤਾ ਲੱਗ ਗਿਆ ਸੀ। ਪੰਜਾਬੀ ਸਾਹਿਤ ਵਿੱਚ ਆਪ ਜੀ ਦਾ ਕਈ ਵੰਨਗੀਆਂ ਵਿੱਚ ਕੀਤਾ ਕੰਮ ਆਖ ਦੀ ਸਰਬੰਗੀ ਵਿੱਦਵਤਾ ਦਾ ਲਖਾਇਕ ਹੈ। ਇਕ ਪਾਸੇ ਗੁਰਬਾਣੀ ਦੇ ਔਖੇ ਪਦਾਂ ਦੇ ਅਰਥ ਦੱਸ ਕੇ ਤੇ ਗੋਝ ਭਾਵ ਪਰਗਟਾ ਕੇ "ਸ਼ਬਦਾਰਥ" ਤਿਆਰ ਕੀਤਾ ਅਤੇ ਦੂਜੇ ਪਾਸੇ ਪੰਜਾਬੀ ਦੀ ਪੁਰਾਣੀ ਕਵਿਤਾ ਨੂੰ "ਪੰਜਾਬੀ ਦੀ ਚੋਣਵੀਂ ਕਵਿਤਾ" ਰਚ ਕੇ, ਪਰਖਿਆ ਤੇ ਉਸ ਦਾ ਰਸ ਮਾਣਿਆ। ਇਸੇ ਤਰ੍ਹਾਂ ਇਕ ਪਾਸੇ ਆਪ ਜੀ ਨੇ ਟੀਕੇ (ਜਪਜੀ ਸਾਹਿਬ, ਤੇ ਆਸਾ ਜੀ ਦੀ ਵਾਰ) ਤੇ ਕੋਸ਼ ਤਿਆਰ ਕੀਤੇ (ਆਪ ਜੀ ਨੇ ਪੰਜਾਬ ਯੂਨੀਵਰਸਟੀ ਲਾਹੌਰ ਵਾਲੇ ਪੰਜਾਬ-ਅੰਗਰੇਜ਼ੀ ਕੋਸ਼ ਨੂੰ ਸੋਧਿਆ, ਤੇ ਅਜ ਕਲ ਪੰਜਾਬ ਯੂਨੀਵਰਸਟੀ ਸੋਲਨ ਦੇ ਅੰਗਰੇਜ਼ੀ-ਪੰਜਾਬੀ ਕੋਸ਼ ਨੂੰ ਤਿਆਰ ਕਰ ਰਹੇ ਹੋਨ) ਤਾਂ ਦੂਜੇ ਪਾਸੇ ਪੰਜਾਬ ਦੀਆਂ ਪਰਚਲਤ ਕਹਾਣੀਆਂ ਨੂੰ ਮਾਂਜ-ਸੰਵਾਰ ਕੇ, ਸਥਾਨਕ ਤੇ ਸਾਹਿਤਕ ਰੰਗ ਦੇ ਕੇ ਹੱਲਾ ਫੁੱਲ ਜਿਹਾ ਸਾਹਿਤ ਰਚਿਆ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪ ਜੀ ਨੇ ਗੰਭੀਰ ਤੇ ਹਲਕੇ ਲੇਖ (ਨਵੀਆਂ ਸੋਚਾਂ ਤੇ ਸਹਿਜ-ਸੁਭਾ) ਲਿਖ ਕੇ ਪੰਜਾਬੀ ਵਿੱਚ ਲੇਖ-ਰਚਨਾ ਨੂੰ ਵੱਖਰਾ ਸਾਹਿਤਕ ਰੂਪ ਦਿੱਤਾ ਹੈ। ਇਨ੍ਹਾਂ ਲੇਖਾਂ ਦਾ ਮਜ਼ਮੂਨ ਭਾਵੇਂ ਗੰਭੀਰ ਹੈ ਭਾਵੇਂ ਹਸਾਉਣਾ ਪਰ ਇਨ੍ਹਾਂ ਦਾ ਤਿਆਰ ਰੂਪ ਆਪਣੇ ਆਪ ਵਿੱਚ ਇਕ ਮੁਕੰਮਲ ਹੁਨਰੀ ਵਸਤ ਦਾ ਨਮੂਨਾ ਹੈ। ਇਨ੍ਹਾਂ ਰਾਹੀਂ ਆਪ ਜੀ ਨੇ ਔਖੇ ਤੋਂ ਔਖੇ ਖ਼ਿਆਲਾਂ ਨੂੰ, ਪੰਡਤਾਈ ਤੋਂ ਰਹਿਤ, ਸਰਲ ਤੇ ਠੇਠ ਪੰਜਾਬੀ ਰਾਹੀਂ ਸਾਧਾਰਨ ਜਨਤਾ ਤਕ ਪਹੁੰਚਾਉਣ ਦਾ ਸਫਲ ਜਤਨ ਕੀਤਾ ਹੈ। 'ਆਰਟ ਕੇਵਲ ਆਰਟ ਲਈ' ਦਾ ਇਹ ਇਕ ਸੁੰਦਰ ਨਮੂਨਾ ਹਨ। ਸਾਧਾਰਨ ਤੋਂ ਸਾਧਾਰਨ ਮਜ਼ਮੂਨ ਲੈ ਕੇ ਉਸ ਨੂੰ ਇਤਿਹਾਸ, ਧਰਮ, ਸੱਭਅਤਾ, ਸਾਹਿਤ ਤੇ ਸਦਾਚਾਰ, ਹਰ ਪਾਸਿਓਂ ਵਾਕਫੀ, ਖ਼ਿਆਲ ਤੇ ਵੀਚਾਰ ਲਿਆ ਕੇ ਭਰਪੂਰ ਕਰ ਦੇਣਾ ਤੇ ਇਕ ਭਰਵਾਂ ਵਾਕਫ਼ੀ ਦਾ ਭੰਡਾਰ ਖਣਾ ਦੇਣਾ ਕੇਵਲ ਆਪ ਦੀ ਕਲਾਵਾਨ ਲੇਖਣੀ ਦੇ ਹਿੱਸੇ ਹੀ ਆਇਆ ਹੈ। 'ਘਰ ਦਾ ਪਿਆਰ' 'ਸ਼ਹਿਰ ਦਾ ਨਲਕਾ' 'ਸਭਿਆਚਾਰਾਂ ਦਾ ਮੇਲ' 'ਵੇਹਲੀਆਂ ਗੱਲਾਂ' ਤੇ 'ਗੁਸਲ-ਖਾਨਾ' ਬਹੁਤ ਉੱਚੇ ਸਾਹਿਤਕ ਲੇਖ ਹਨ। ਆਪ ਦੀ ਲਿਖਣ ਸ਼ੈਲੀ ਦੀ ਸਰਲਤਾ ਤੇ ਸਪਸ਼ਟਤਾ ਆਪਣੀ ਮਿਸਾਲ ਆਪ ਹੈ। ਆਪ ਜੀ ਦੀ ਵਾਰਤਕ ਅਕਲੀ ਗੁਣਾਂ ਦੀ ਪਰਧਾਨਤਾ ਦੇ ਬਾਵਜੂਦ ਗੁੰਝਲ-ਰਹਿਤ ਹੁੰਦੀ ਹੈ ਅਤੇ ਰਵਾਂ ਦਵੀਂ ਤੁਰਦੀ ਨਸਰ ਵਿੱਚ ਹਲਕੀ ਜਹੀ ਮਖ਼ਕਰੀ ਜਾਂ ਢੁੱਕੀ ਮਿਸਾਲ ਕਿਧਰੇ ਨੋਖੀ ਪੈਦਾ ਕਰਕੇ ਤੁਹਾਡੇ ਗੰਭੀਰ ਚਿਹਰੇ ਮੋਹਰੇ ਚੋਂ ਲੁਕਵੇਂ ਹਾਸ-ਰਸ ਦੇ ਝਲਕਾਰੇ ਪਰਗਟ ਕਰਦੀ ਹੈ।

ਆਪ ਜੀ ਨੇ ਪੰਜਾਬੀ ਸਾਹਿਤ ਵਿੱਚ ਨਵੇਂ ਵਿਗਿਆਨਕ, ਦ੍ਰਿਸ਼ਟੀ-ਕੋਣ ਦਰਸਾਏ ਹਨ। ਆਪ ਜੀ ਨੇ ਆਪਣੇ ਰਸਿਕ ਤੇ ਕਲਾਮਈ ਜੀਵਨ ਦੀ ਛੋਹ ਨਾਲ ਅਨੇਕਾਂ ਕਵੀਆਂ, ਕਹਾਣੀ-ਲੇਖਕਾਂ, ਨਾਵਲਕਾਰਾਂ, ਨਾਟਕ-ਕਾਰਾਂ ਤੇ ਹੋਰ ਸਾਹਿਤਕਾਰਾਂ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਗੁਪਤ ਸਾਹਿਤਕ ਰੁਚੀਆਂ ਨੂੰ ਟੁਬਿਆ ਤੇ ਰਾਹ ਪਾਇਆ ਹੈ। ਆਪ ਜੀ ਦੀ ਇਹ ਗੁਪਤ ਸੇਵਾ ਪੰਜਾਬੀ ਸਾਹਿਤ ਦੇ ਇਤਹਾਸ ਵਿੱਚ ਸਦਾ ਮਾਣ ਨਾਲ ਯਾਦ ਕੀਤੀ ਜਾਵੇਗੀ।

'ਮਹਿਕਮਾ ਪੰਜਾਬੀ' ਆਪ ਜੈਸੇ ਪੰਜਾਬੀ ਰਤਨ ਦਾ ਪੂਰੀ ਤਰ੍ਹਾਂ ਸਨਮਾਨ ਨਹੀਂ ਕਰ ਸਕਦਾ ਪਰ ਆਪਣੀਆਂ ਦਿਲੀ ਭਾਵਨਾਵਾਂ ਸ਼ਬਦਾਂ ਰਾਹੀਂ ਪਰਗਟ ਕਰਕੇ ਸਿਰੋ ਪਾਓ ਅਰਪਨ ਕਰਦਾ ਹੋਇਆ ਆਸ ਰਖਦਾ ਹੈ ਕਿ ਆਪ ਅਸਾਡੀ ਇਸ ਤੁੱਛ ਭੇਟਾ ਨੂੰ ਪਰਵਾਨ ਕਰੋਗੇ।

ਡਾਇਰੈਕਟਰ,
ਮਹਿਕਮਾ ਪੰਜਾਬੀ, ਪਟਿਆਲਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਰਕਾਰ ਪਟਿਆਲਾ ਤੇ ਪੂਰਬੀ ਪੰਜਾਬ ਰਿਆਸਤੀ ਯੂਨੀਅਨ

ਸਨਮਾਨ-ਪੱਤਰ

ਜੋ ਮਹਿਕਮਾ ਪੰਜਾਬੀ ਵੱਲੋਂ ੧੧ ਮਾਰਚ ੧੯੫੧ ਨੂੰ
ਪੰਜਾਬੀ ਦਰਬਾਰ ਵਿੱਚ ਪੰਜਾਬੀ ਦੇ ਪ੍ਰਸਿੱਧ ਵਿਦਵਾਨ
ਤੇ ਸਾਹਿਤਕਾਰ ਸ: ਗੁਰਬਖਸ਼ ਸਿੰਘ ਜੀ ਦੀ ਸੇਵਾ
ਵਿੱਚ ਭੇਟ ਕੀਤਾ ਗਿਆ।

ਸਤਿਕਾਰ ਜੋਗ ਸਰਦਾਰ ਗੁਰਬਖ਼ਸ਼ ਸਿੰਘ ਜੀਓ !

ਅਜ ਮਹਿਕਮਾ ਪੰਜਾਬੀ, ਪੰਜਾਬੀ ਦੀ ਅਤੁੱਟ ਸੇਵਾ ਬਦਲੇ ਆਪ ਨੂੰ ਸਨਮਾਨ ਕੇ ਆਪਣੇ ਮਾਣ ਵਿੱਚ ਵਾਧਾ ਕਰ ਰਿਹਾ ਹੈ। ਸਾਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਸਾਡੇ ਇਸ ਸਨਮਾਨ ਨਾਲ ਆਪ ਦੀ ਪਦਵੀ ਵਿੱਚ ਕੋਈ ਵਾਧਾ ਨਹੀਂ ਹੋਣ ਲੱਗਾ, ਕਿਉਂਕਿ ਆਪ ਦੀ ਲਿਖਤ ਅਨੇਕਾਂ ਪਾਠਕਾਂ ਪਾਸੋਂ ਰੱਜਵਾਂ ਤੇ ਭਰਵਾਂ ਸਨੇਹ ਅਤੇ ਸਨਮਾਨ ਜਿੱਤ ਚੁੱਕੀ ਹੈ, ਪਰ ਮਹਿਕਮਾ ਆਪਣਾ ਫ਼ਰਜ਼ ਸਮਝਦਾ ਹੈ ਕਿ ਉਹ ਵੀ ਆਪ ਨੂੰ ਸਨਮਾਨਣ ਵਿੱਚ ਹਿੱਸਾ ਪਾਏ।

ਆਪ ਦੀਆਂ ਲਿਖਤਾਂ ਦੇ ਪੜ੍ਹਨ ਵਾਲੇ ਜਾਣਦੇ ਹਨ ਕਿ ਆਪ ਨੇ ਪੰਜਾਬ ਦੇ ਜੀਵਨ ਨੂੰ ਸੋਹਣਾ, ਸੁਥਰਾ ਤੇ ਅਮੀਰ ਬਣਾਉਣ ਲਈ ਕਿੰਨੇ ਜਤਨ ਕੀਤੇ ਹਨ। ਵਿਸ਼ਵਾਸ ਹੈ, ਕਿ ਜਿਹੜਾ ਸਾਹਿਤਕਾਰ ਆਪਣੇ ਆਲੇ ਦੁਆਲੇ ਵਲੋਂ ਅੱਖਾਂ ਮੀਟ ਕੇ ਇਕ ਸੁਫ਼ਨਿਆਂ ਦਾ ਜਗਤ ਰਚ ਲੈਂਦਾ ਹੈ, ਜਾਂ ਜ਼ਿੰਦਗੀ ਦੀ ਨਾਸਵਾਨਤਾ ਤੇ ਤੁੱਛਤਾ ਨੂੰ ਉਭਾਰਦਾ ਤੇ ਵਡਿਆਉਂਦਾ ਹੈ, ਉਹ ਆਪਣੇ ਨਾਲ ਹੀ ਨਹੀਂ, ਸਗੋਂ ਸਾਰੀ ਮਨੁਖ ਜਾਤੀ ਨਾਲ ਧਰੋਹ ਕਮਾਉਂਦਾ ਹੈ। ਆਪ ਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਿਖਤਾਂ ਵਿੱਚੋਂ ਮਨੁਖਾ ਜੀਵਨ ਵਿੱਚ ਮਾਨਸਕ, ਸਰੀਰਕ ਤੇ ਆਤਮਕ ਅਰੋਗਤਾ ਤੇ ਉਤਸ਼ਾਹ ਲਿਆਉਣ ਦੀ ਪਰਬਲ ਚਾਹ ਪਰਗਟ ਹੁੰਦੀ ਹੈ। ਆਪ ਨੇ ਅਨੇਕਾਂ ਪੁੰਦਲੇ ਮਸਲਿਆਂ ਤੇ ਚਾਨਣ ਪਾਇਆ ਹੈ, ਅਨੇਕਾਂ ਗੁੰਝਲਾਂ ਖੋਲ੍ਹੀਆਂ ਹਨ ਅਤੇ ਅਨੇਕਾਂ ਵਹਿਮਾਂ ਦਾ ਪਾਜ ਉਘਾੜਿਆ ਹੈ। ਆਪ ਨੇ ਬਚਿਆਂ ਦੀ ਸੰਭਾਲ ਤੋਂ ਤਾਲੀਮ, ਉਮਰ ਨੂੰ ਲੰਮਾ ਕਟਨ ਤੇ ਪਰਸੰਨ ਰਹਿਣ, ਸ਼ਖਸੀਅਤ ਨੂੰ ਪਰਭਾਵ-ਸ਼ਾਲੀ ਤੇ ਪੂਰਨ ਬਣਾਉਣ ਅਤੇ ਜ਼ਿੰਦਗੀ ਨੂੰ ਤਕੜਾ, ਸੁਖਾਵਾਂ ਤੇ ਖੁਸ਼ਹਾਲ ਕਰਨ ਲਈ ਮੌਲਿਕ ਲੇਖਾਂ, ਕਹਾਣੀਆਂ, ਡਰਾਮਿਆਂ ਤੇ ਕਈ ਅਨੁਵਾਦਾਂ ਰਾਹੀਂ ਸ਼ਾਇਦ ਸਭ ਤੋਂ ਵਧ ਸਾਹਿੱਤ ਰਚਿਆ ਹੈ ਤੇ ਆਪ ਦੇ ਜਾਰੀ ਕੀਤੇ ਅੰਦੋਲਨ ਦਾ ਪਰਭਾਵ ਪੰਜਾਬੀ ਸਾਹਿੱਤ ਦੇ ਅਜ ਦੇ ਮੁਹਾਂਦਰੇ ਤੋਂ ਪਛਾਣਿਆ ਜਾ ਸਕਦਾ ਹੈ।

ਆਪ ਦੇ ਰਸਤੇ ਵਿੱਚ ਕਈ ਰੁਕਾਵਟਾਂ ਵੀ ਆਈਆਂ ਪਰ ਆਪ ਆਪਣੀ ਲਗਨ ਦੇ ਪੱਕੇ ਰਹੇ, ਜਿਸ ਕਰਕੇ ਆਪ ਸਜਰੇ ਪੰਜਾਬੀ ਸਾਹਿਤ ਦੀ ਰੂਪ-ਰੇਖਾ ਦਾ ਘਾੜਾ ਕਿਹਾ ਜਾ ਸਕਦਾ ਹੈ।

ਪੰਜਾਬੀ, ਆਪ ਦੀ ਬੜਾ ਚਿਰ ਦੇਣਦਾਰ ਰਹੇਗੀ। ਸਾਡੀ ਪਤਰਕਾਰੀ, ਸਾਡੀ ਕਹਾਣੀ ਤੇ ਸਾਡੇ ਲੇਖ ਬੜਾ ਚਿਰ ਆਪ ਦੇ ਪਾਏ ਪੂਰਨਿਆਂ ਤੇ ਚਲਦੇ ਰਹਿਣਗੇ। ਵਾਰਤਕ ਦਾ ਜਿਹੜਾ ਮਿਆਰ ਆਪ ਨੇ ਬਣਾ ਦਿੱਤਾ ਹੈ, ਉਸ ਦੇ ਟਾਕਰੇ ਦੀ ਅਜੇ ਸਾਡੇ ਸਾਹਿਤ ਵਿੱਚ ਕੋਈ ਮਸਾਲ ਨਹੀਂ। ਆਪ ਦੀ ਕਲਮ ਵਿੱਚ ਤਾਕਤ ਹੈ ਖੁਸ਼ਕ ਤੋਂ ਖੁਸ਼ਕ ਮਜ਼ਮੂਨ ਵਿੱਚ ਲੋਚ ਤੇ ਰਸ ਪੈਦਾ ਕਰ ਦੇਣ ਦੀ। ਆਪ ਆਪਣੇ ਪਾਠਕ ਨੂੰ ਏਨੇ ਸਤਿਕਾਰ ਨਾਲ ਸੰਬੋਧਨ ਕਰਦੇ ਹੋ ਕਿ ਉਸ ਦਾ ਮਨ ਮਲੋ ਮੱਲੀ ਮੋਹਿਆ ਜਾਂਦਾ ਹੈ। ਪਾਠਕ ਵੱਲ ਬਰਾਬਰ ਦਾ ਰਵੱਈਆ, ਸ਼ੈਲੀ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੰਗੀਨੀ ਤੇ ਅਨੁਭਵ ਦੀ ਕੋਮਲਤਾ ਪੰਜਾਬੀ ਸਾਹਿੱਤ ਨੂੰ ਆਪ ਦੀਆਂ ਦਾਤਾਂ ਹਨ ।

ਆਪ ਨੇ ਜ਼ਿੰਦਗੀ ਦਾ ਇਖ਼ਲਾਕੀ ਪਹਿਲੂ ਉੱਚਾ ਕਰਨ ਵਿੱਚ ਬੜੀ ਸਹਾਇਤਾ ਦਿੱਤੀ ਹੈ, ਸਮਾਜ ਵਿੱਚੋਂ ਸਰੀਰਕ ਤੇ ਮਾਨਸਕ ਗ਼ੁਲਾਮੀ ਦਾ ਨਾਸ ਕਰਨ ਦਾ ਨਾਹਰਾ ਲਾਇਆ ਹੈ ਤੇ ਜ਼ਿੰਦਗੀ ਦੇ ਮੌਕਿਆਂ ਤੇ ਉਸ ਦੀਆਂ ਅਮੀਰੀਆਂ ਦੀ ਇਕ ਸਾਰ ਵੰਡ ਦਾ ਪਰਚਾਰ ਕੀਤਾ ਹੈ। ਆਪ ਦੀ ਲਿਖਤ ਵਿੱਚ ਸਾਡੀ ਆਮ ਜਨਤਾ ਦੇ ਉਸਾਰੂ ਪੱਖ ਨੂੰ ਉਜਾਗਰ ਕੀਤਾ ਹੁੰਦਾ ਹੈ ਅਤੇ ਪੰਜਾਬੀ ਵਿੱਚ ਨੂੰਘੀ ਆਰਥਕ, ਸਿਆਸੀ ਤੇ ਕੌਮਾਂਤਰੀ ਸੂਝ ਦਾਖਲ ਹੁੰਦੀ ਹੈ ।

ਮਹਿਕਮਾ ਪੰਜਾਬੀ ਆਪ ਜੈਸੇ ਪੰਜਾਬੀ ਰਤਨ ਨੂੰ ਆਪਣੀਆਂ ਦਿਲੀ ਭਾਵਨਾ ਨਾਲ ਸਿਰੋ-ਪਾਓ ਅਰਪਨ ਕਰਦਾ ਹੋਇਆ ਆਸ ਕਰਦਾ ਹੈ ਕਿ ਆਪ ਸਾਡੀ ਇਸ ਤੁੱਛ ਭੇਟਾ ਨੂੰ ਪਰਵਾਨ ਕਰੋਗੇ ।

ਡਾਇਰੈਕਟਰ,
ਮਹਿਕਮਾ ਪੰਜਾਬੀ, ਪਟਿਆਲਾ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨਮਾਨ-ਪੱਤਰ

ਜੋ ਮਹਿਕਮਾ ਪੰਜਾਬ ਫ਼ਲੋਂ ੧੧ ਮਾਰਚ ੧੯੫੧ ਨੂੰ
ਪੰਜਾਬੀ ਦਰਬਾਰ ਵਿੱਚ ਪੰਜਾਬੀ ਦੇ ਮੋਢੀ ਨਾਵਕਕਾਰ
ਪ੍ਰੋ: ਈਵਸ਼ਰ ਚੰਦਰ 'ਨੰਦਾ' ਜੀ ਦੀ ਸੇਵਾ
ਵਿੱਚ ਭੇਟਾ ਕੀਤਾ ਗਿਆ ।

ਸਤਿਕਾਰ ਯੋਗ 'ਨੰਦਾ' ਜੀਓ !

'ਮਹਿਕਮਾ ਪੰਜਾਬੀ' ਆਪ ਜੀ ਨੂੰ ਸਨਮਾਨਣ ਵਿੱਚ ਖੁਸ਼ੀ ਅਨੁਭਵ ਕਰ ਰਿਹਾ ਹੈ। ਆਪ ਜੀ ਨੇ ਪੰਜਾਬੀ ਮਾਤ-ਭਾਸ਼ਾ ਦੀ ਜੋ ਪਰਸੰਸਾ-ਯੋਗ ਸੇਵਾ ਕੀਤੀ ਹੈ, ਉਸ ਲਈ ਪੰਜਾਬੀ ਸੰਸਾਰ ਆਪ ਦਾ ਸਦਾ ਰਿਣੀ ਰਹੇਗਾ । ਇਸ ਵਿੱਚ ਕੋਈ ਅਤਿਕਥਨੀ ਨਹੀਂ ਜੇ ਕਰ ਆਪ ਨੂੰ 'ਪੰਜਾਬੀ ਨਾਟਕ ਦਾ ਪਿਤਾ' ਕਹਿ ਦਿੱਤਾ ਜਾਵੇ । ਨਾਟਕ ਕਲਾ ਸਾਹਿਤ ਦੀ ਜਿੰਦ-ਜਾਨ ਹੁੰਦੀ ਹੈ ਅਤੇ ਨਾਟਕੀ ਰਚਨਾ ਬਿਨਾ ਸਾਹਿਤ ਦਾ ਖੇਤਰ ਸੁੰਞਾ ਰਹਿੰਦਾ ਹੈ। ਇਹ ਇਕ ਇਤਹਾਸਕ ਸਚਾਈ ਹੈ ਕਿ ਪੰਜਾਬੀ ਨਾਟਕ ਦੇ ਸੁੱਨੇ ਖੇਤਰ ਵਿੱਚ ਸਭ ਤੋਂ ਪਹਿਲਾਂ ਆਪ ਦੀ ਕਲਾ-ਭਰਪੂਰ ਕਲਮ ਨੇ ਹੀ ਫੁੱਲ ਖਿੜਾਏ ਹਨ। ਦੁਲਹਨ, ਸੁਭੱਦਰਾ, ਵਰ ਘਰ, ਸ਼ਾਮੂ ਸ਼ਾਹ ਤੇ ਝਲਕਾਰੇ ਆਦਿ ਰਚਾਨਵਾਂ ਆਪ ਦੀ ਨਾਟਕੀ ਪ੍ਰਤਿਭਾ ਦਾ ਪਰਤੱਖ ਸਬੂਤ ਹਨ ।

ਅਸਲ ਗਲ ਇਹ ਹੈ ਕਿ ਆਪ ਨੇ ਜੀਵਨ ਦੇ ਠੰਢੇ ਤੱਤੇ ਅੱਖੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੋਖੇਹਰ ਤਰ੍ਹਾਂ ਦੇ ਮਰਹਲਿਆਂ ਵਿਚ ਦੀ ਲੰਘ ਕੇ ਜਿੰਦਗੀ ਦੀਆਂ ਡੂੰਘਿਆਈਆਂ ਨੂੰ ਜਾਣਿਆ ਹੈ । ਅਤਿ ਗ਼ਰੀਬੀ ਵੀ ਦੇਖੀ ਹੈ ਅਤੇ ਵੱਡਿਆਂ ਹੋਕੇ ਅਤਿ ਦੀ ਖੁਬਸੂਰਤੀ ਤੇ ਸ਼ੁਕੀਨੀ ਵੀ ਮਾਣੀ ਹੈ। ਵਲੈਤੀਂ ਜਾ ਕੇ ਰੰਗਾ ਰੰਗ ਦੀ ਦੁਨੀਆਂ ਵੇਖੀ ਹੈ ਅਤੇ ਉੱਚੀ ਤੋਂ ਉੱਚੀ ਵਿੱਦਿਆ ਹਾਸਲ ਕਰਕੇ ਲਿਆਕਤ ਪੈਦਾ ਕੀਤੀ ਹੈ। ਇਸ ਜੀਵਨ ਤਜਰਬੇ ਨੇ ਤੁਹਾਡੀ ਕਲਾ ਵਿੱਚ ਵਿਸ਼ੇਸ਼ ਰੰਗ ਪੈਦਾ ਕਰ ਦਿਤਾ ਹੈ ।

ਆਪ ਦੀ ਬਣਤਰ ਵਿਚ ਪੰਜਾਬੀਅਤ ਹੈ ਅਤੇ ਅਜਿਹਾ ਪਰਤੀਤ ਹੁੰਦਾ ਹੈ ਕਿ ਪੰਜਾਬ ਦੀ ਅਪਣੱਤ ਆਪ ਦੇ ਰੋਮ ਰੋਮ ਵਿਚ ਸਮਾਈ ਹੋਈ ਹੈ । ਆਪ ਦਾ ਪੰਜਾਬ ਤੇ ਮਾਤ–ਭਾਸ਼ਾ ਪੰਜਾਬੀ ਲਈ ਪਿਆਰ ਲਾਸਾਨੀ ਹੈ । ਆਪ ਦੀ ਰਚਨਾ ਵਿਚੋਂ ਪੰਜਾਬ ਦਾ ਸਮਾਜ, ਪੰਜਾਬ ਦੀ ਰਹਿਣੀ ਬਹਿਣੀ, ਪੰਜਾਬੀ ਸਭਿਆਚਾਰ ਤੇ ਪੰਜਾਬੀ ਆਚਰਣ ਫੁੱਟ ਫੁੱਟ ਕੇ ਝਲਕਾਰੇ ਮਾਰ ਰਹੇ ਹਨ।

ਆਪ ਨੇਪੰਜਾਬ ਦੀ ਪੇਂਡੂ ਤੇ ਸ਼ਹਿਰੀ ਦੋਹਾਂ ਤਰ੍ਹਾਂ ਦੀ ਰਹਿਣੀ ਬਹਿਣੀਨੂੰ ਨੇੜਿਓਂ ਹੋ ਕੇ ਤੱਕਿਆ ਹੈ ਅਤੇ ਸਮਾਜਦੇਦੁੱਖ ਸੁੱਖ, ਔਕੜਾਂ ਤੇ ਵਹਿਮਾਂ ਨੂੰ ਹੂਬਹੂ ਚਿਤਰ ਕੇ ਉਨ੍ਹਾਂ ਦੇ ਇਲਾਜ ਵੀ ਸੁਝਾਏ ਹਨ। ਆਪ ਆਪਣੇ ਨਾਟਕਾਂ ਵਿਚ ਸਮਾਜ ਦੇ ਪਿੱਛਾਂਹ–ਖਿੱਚੂ ਤੇ ਅਗਾਂਹ-ਵਧੂ ਦੋ ਪੱਖਾਂ ਦੇ ਘੋਲ ਨੂੰ ਇਤਨੀ ਕਾਮਯਾਬੀ ਨਾਲ ਚਿਤਰਦੇ ਹੋ ਕਿ ਇਸ ਸਮਾਜਕ ਘੋਲ ਨੂੰ ਦੁਖਾਂਤ ਨਹੀਂ ਬਣਨ ਦਿੰਦੇ ਸਗੋਂ ਆਪੋ ਵਿਚ ਸਮਝੌਤਾ ਕਰਾ ਨਾਟਕੀ ਗੁੰਝਲ ਨੂੰ ਸੋਹਣੀ ਤਰ੍ਹਾਂ ਸੁਲਝਾ ਕੇ ਸੁਖਾਂਤ ਬਣਾ ਦਿੰਦੇ ਹੋ । ਸਮਾਜ ਦੀ ਇਨ ਬਿਨ ਤਸਵੀਰ ਚਿਤਰਨ ਕਰਕੇ ਆਪ ਨੂੰ 'ਯਥਾਰਥਵਾਦੀ' ਕਿਹਾ ਜਾ ਸਕਦਾ ਹੈ ਪਰ ਖ਼ੂਬੀ ਇਹ ਹੈ ਕਿ ਆਪ ਅੱਜ ਕਲ ਦੇ ਯਥਾਰਥਵਾਦੀ ਵਾਂਗ ਨਗਨਵਾਦ ਨੂੰ ਨੇੜੇ ਨਹੀਂ ਆਉਣ ਦਿੰਦੇ । ਏਸੇ ਤਰ੍ਹਾਂ ਆਪ ਹਾਸ–ਰਸੀ ਚੁਟਕਲੇ ਤੇ ਜਬਾਨੀ ਹੇਰਾ ਫੇਰੀਆਂ ਦੀ ਥਾਂ ਨਾਟਕਾਂ ਵਿੱਚ ਹਾਸ-ਰਸ ਵਾਲੇ ਮੌਕੇ ਪੈਦਾ ਕਰਕੇ ਪਾਠਕਾਂ ਦੀ ਪਰਸੰਸਾ ਜਿੱਤਦੇ ਹੋ ।

ਆਪ ਦੇ ਨਾਟਕਾਂ ਦੀ ਬੋਲੀ ਸਾਊਆਂ [ਵਾਲੀ, ਬਹੁਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਫ਼ਕਵੀਂ ਤੇ ਰਸਨਲੀਂ ਹੁੰਦੀ ਹੈ। ਅੱਜ ਦੀ ਸਾਹਿਤ ਦੇ ਇਤਨੇ ਵਿੱਦਵਾਨ ਹੋਣ ਦੇ ਬਾਵਜੂਦ ਇਤਨੀ ਠੇਠ ਪੰਜਾਬੀ ਦੀ ਵਰਤੋਂ ਕਰਾਮਾਤ ਤੋਂ ਘਟ ਨਹੀਂ ਹੈ। ਆਪ ਦੇ ਪਾਤਰਾਂ ਦੀ ਬੋਲੀ ਨਾਟਕੀ ਲੋੜ ਦੇ ਐਨ ਮੁਤਾਬਕ ਹੁੰਦੀ ਹੈ, ਜੋ ਆਪ ਦੀ ਕਲਾ ਦੀ ਇਕ ਖਾਸ ਮਹਾਨਤਾ ਹੈ।

ਆਪ ਦੇ ਨਾਟਕਾਂ ਦਾ ਇਕ ਖਾਸ ਗੁਣ ਇਹ ਵੀ ਹੈ ਕਿ ਇਹ ਨਾਟਕੀ ਤਕਨੀਕ ਦੀ ਕਸਵੱਟੀ ਤੇ ਪੂਰੇ ਉਤਰਦੇ ਹਨ। ਆਪ ਨਾਟਕਾਂ ਨੂੰ ਲਿਖ ਕੇ ਝਟ ਪਟ ਛਾਪਣ ਦੀ ਬਜਾਏ ਸਟੇਜ ਤੇ ਲਿਆ ਕੇ ਉਨ੍ਹਾਂ ਦੀਆਂ ਊਣਤਾਈਆਂ ਵੇਖ ਚਾਖ ਕੇ ਅਤੇ ਸੂਝਵਾਨ ਦਰਸ਼ਕਾਂ ਦੀ ਰਾਏ ਨਾਲ ਸੋਧਣ ਪਿੱਛੋਂ ਫੇਰ ਪਰਕਾਸ਼ਤ ਕਰਦੇ ਹੋ। ਆਪ ਦੀ ਇਹ ਸੁਚੱਜਤਾ ਤੇ ਜਨਤਕ ਢੰਗ ਸਮੂਹ ਨਾਟਕ-ਕਾਰਾਂ ਲਈ ਪੈਰਵੀ ਕਰਨ ਜੋਗ ਹੈ।

ਆਪ ਜਿੱਥੇ ਸਫਲ ਨਾਟਕਕਾਰ ਹੋ, ਉਥੇ ਖੇਡਕਾਰ ਵੀ ਕਮਾਲ ਦੇ ਹੋ। ਆਪ ਨੇ ਲਾਹੌਰ ਵਿੱਚ ਪੰਜਾਬੀ ਸਭਾ ਕਾਇਮ ਕੀਤੀ, ਤੇ ਉਸ ਦੀ ਛਤਰ ਛਾਇਆ ਹੇਠ ਨਾਟਕ ਖੇਡ ਕੇ ਪੰਜਾਬੀ ਨਾਟਕ ਲਈ ਉਤਸ਼ਾਹ ਪੈਦਾ ਕੀਤਾ ਹੈ। ਆਪ ਪਹਿਲੇ ਨਾਟਕਕਾਰ ਹੋ ਜਿਨ੍ਹਾਂ ਖੁਦ ਐਕਟਰ ਬਣ ਕੇ ਅਪਣੀਆਂ ਰਚਨਾਵਾਂ ਨੂੰ ਖੇਡ ਕੇ ਦਿਖਾਇਆ ਹੈ। ਆਪ ਦਾ ਸਰੀਰ ਨਿਰੋਲ ਨਾਟਕੀ ਰੰਗ ਢੰਗ ਦਾ ਮਜੱਸਮਾ ਹੈ, ਜਿਸ ਕਰਕੇ ਆਪ ਦੇ ਨਾਟਕੀ ਪਾਤਰਾਂ ਵਿਚ ਇਕ ਅਣੋਖੀ ਖਿੱਚ ਪੈਦਾ ਹੋ ਗਈ ਹੈ।

ਆਪ ਜੀ ਦੀ ਇਸ ਬੇਭਮੁੱਲੀ ਨਾਟਕੀ ਸੇਵਾ ਦੀ ਸ਼ਲਾਘਾ ਵਜੋਂ ਮਹਿਕਮਾ ਆਪਣੀ ਦਿਲੀ ਸ਼ਰਧਾ ਇਸ ਸਨਮਾਨ-ਪੱਤਰ ਰਾਹੀਂ ਭੇਟ ਕਰ ਰਿਹਾ ਹੈ। ਆਸ ਹੈ ਕਿ ਆਪ ਸਾਡੀ ਇਸ ਤੁੱਛ ਭੇਟ ਨੂੰ ਪਰਵਾਨ ਕਰੋਂਗੇ ਅਤੇ ਪੰਜਾਬੀ ਸਾਹਿਤ ਦੀ ਸੇਵਾ ਵਿੱਚ ਆਪਣਾ ਯੋਗ ਹਿੱਸਾ ਪਾਂਦੇ ਰਹੋਗੇ।

ਡਾਇਰੈਕਟਰ,

ਮਹਿਕਮਾ ਪੰਜਾਬੀ, ਪਟਿਆਲਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨਮਾਨ ਪੱਤਰ

ਜੋ ਅਹਿਕਮਾ ਪੰਜਾਬੀ ਵੱਲੋਂ ੧੧ ਮਾਰਚ, ੧੯੫੧
ਨੂੰ ਪੰਜਾਬੀ ਦਰਬਾਰ ਵਿੱਚ ਪੰਜਾਬੀ ਦੇ ਪਰਸਿੱਧ
ਨਾਵਲਕਾਰ ਸ: ਨਾਨਕ ਸਿੰਘ ਜੀ ਦੀ ਸੇਵਾ
ਵਿੱਚ ਭੇਟ ਕੀਤਾ ਗਿਆ ।

ਸਤਿਕਾਰ ਯੋਗ ਸਰਦਾਰ ਨਾਨਕ ਸਿੰਘ ਜੀਓ !

ਅਹਿਕਮਾ ਪੰਜਾਬੀ ਆਪ ਜੀ ਨੂੰ ਸਨਮਾਨਣ ਵਿੱਚ ਪ੍ਰਸੰਨਤਾ ਅਨੁਭਵ ਕਰ ਰਿਹਾ ਹੈ । ਆਪ ਜੀ ਦੇ ਨਾਵਲ ਖੇਤਰ ਵਿੱਚ ਆਉਣ ਨਾਲ ਪੰਜਾਬੀ ਨਾਵਲ ਦੇ ਅਵਿਕਸਤ ਰੂਪ ਦਾ ਦੌਰ ਖਤਮ ਹੋ ਜਾਂਦਾ ਹੈ ਅਤੇ ਪੰਜਾਬੀ ਨਾਵਲ ਸਾਹਿਤ ਦੇ ਅਸਲੀ ਹੁਨਰੀ ਰੂਪ ਵਿੱਚ ਪਰਗਟ ਹੋ ਜਾਂਦਾ ਹੈ ।

ਆਪ ਪੰਜਾਬੀ ਸਾਹਿਤ ਵਿੱਚ ਪਹਿਲੇ ਮੌਲਕ ਨਾਵਲਕਾਰ ਹੋ ਜਿੰਨ੍ਹਾਂ ਮਜ਼ਬੂਤੀ ਪੱਖ-ਪਾਤ ਤੋਂ ਉੱਚੇ ਉਠ ਕੇ ਸਮੁੱਚੇ ਸਮਾਜ ਨੂੰ ਇਕੋ ਜਿਹੀ ਪਿਆਰ ਤੁਕਣੀ ਨਾਲ ਤੱਕਿਆ ਹੈ । ਇਸੇ ਕਰ ਕੇ ਆਪ ਜੀ ਨੂੰ ਸਮਾਜੀ ਤੇ ਭਾਈ-ਚਾਰਕ ਨਾਵਲ ਦਾ ਮੋਢੀ ਮੰਨਿਆ ਜਾਂਦਾ ਹੈ ।

ਆਪ ਜੀ ਦੀ ਸੋਚ ਵਿੱਚ ਇਕ ਖੁਲ੍ਹ ਤੇ ਪਸਾਰ ਹੈ । ਸਮੇਂ ਦਾ ਤਿੱਖਾ ਵੇਗ ਵੀ ਆਪ ਨੂੰ ਪਿੱਛੇ ਨਹੀਂ ਛੱਡ ਸਕਿਆ ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਪਿਛਲੇ ੨੪-੨੫ ਸਾਲਾਂ ਤੋਂ ਆਪ ਸਮਾਜ ਨੂੰ ਸੁਚੇਜਤਾ ਨਾਲ ਚਿਤਰਦੇ ਆ ਰਹੇ ਹੋ । ਖ਼ੂਬੀ ਇਹ ਹੈ ਕਿ ੧੯੩੦ ਵਿੱਚ ਉਸ ਸਮੇਂ ਦੇ ਸਮਾਜ ਨੂੰ ਚਿਤਰਨ ਵਿੱਚ ਤੁਸੀਂ ਜਿਤਨੇ ਕਾਮਯਾਬ ਸੀ ਉਤਨੇ ਹੀ ਅੱਜ ੧੯੫੧ ਦੇ ਸਮਾਜ ਨੂੰ ਪਰਗਟਾਉਣ ਵਿੱਚ ਸਫਲ ਹੋ । ਆਪ ਦੀਆਂ ਰਚਨਾਵਾਂ ਚੋਂ ਪੰਜਾਬੀ ਦਾ ਇਕ-ਰਸ ਸਮਾਜਕ ਇਤਹਾਸ ਉਲੀਕਿਆ ਜਾ ਸਕਦਾ ਹੈ ਇਸ ਕਰਕੇ ਆਉਣ ਵਾਲੇ ਸਮੇਂ ਵਿੱਚ ਆਪ ਦੀਆਂ ਲਿਖਤਾਂ ਦੀ ਭਾਰੀ ਇਤਹਾਸਕ ਮਹੱਤਤਾ ਵੀ ਹੋਵੇਗੀ ।

ਆਪ ਪੰਜਾਬੀ ਸਾਹਿਤ ਦਾ ਇਕ ਅਗੰਮੀ ਖਜ਼ਾਨਾ ਹੋ । ਪਿਛਲੇ ੨੩ ਸਾਲ ਦੇ ਅਰਸੇ ਵਿੱਚ ਆਪ ਨੇ ੪੦ ਕਿਤਾਬਾਂ ਲਿਖ ਕੇ, ਜਿਨ੍ਹਾਂ ਦੇ ਲਗ ਭਗ ੧੨ ਹਜ਼ਾਰ ਪੰਨੇ ਬਣਦੇ ਹਨ, ਪੰਜਾਬੀ ਪਾਠਕਾਂ ਦੀ ਪਰਸੰਸਾ ਜਿੱਤ ਲਈ ਹੈ । ਅੱਜ ਕੋਈ ਪਬਲਕ, ਕਾਲਜ, ਸਕੂਲ ਜਾਂ ਘਰ ਦੀ ਪੰਜਾਬੀ ਲਾਇਬਰੇਰੀ ਆਪ ਦੀ ਰਚਨਾ ਬਿਨਾਂ ਮੁਕੰਮਲ ਨਹੀਂ ਸਮਝੀ ਜਾਂਦੀ, ਸੱਚੀ ਗੱਲ ਤਾਂ ਇਹ ਹੈ ਕਿ ਆਪ ਪੰਜਾਬੀ ਨਾਵਲ ਦਾ ਮੁੱਢ ਵੀ ਹੋ ਤੇ ਸਿਖਰ ਵੀ ।

ਆਪ ਦੀਆਂ ਨਾਵਲੀ ਕਹਾਣੀਆਂ ਹੱਡ ਬੀਤੀਆਂ, ਅੱਖੀਂ ਡਿੱਠੀਆਂ ਜਗ-ਬੀਤੀਆਂ ਜਾਂ ਇਨ੍ਹਾਂ ਦੋਹਾਂ ਦੇ ਮੇਲ ਤੋਂ ਉਤਪੰਨ ਹੋਈਆਂ ਹੁੰਦੀਆਂ ਹਨ । ਇਸ ਕਰਕੇ ਆਪ ਦੀਆਂ ਰਚਨਾਵਾਂ ਵਿੱਚ ਇਤਨੀ ਖੁਹ ਹੁੰਦੀ ਹੈ ਕਿ ਸਾਰੀ ਕਿਤਾਬ ਖਤਮ ਕੀਤੇ ਬਿਨਾਂ ਪਾਠਕ ਦੀ ਉਤਸ਼ਕਤਾ ਦੂਰ ਨਹੀਂ ਹੁੰਦੀ । ਕਹਾਣੀ ਦੇ ਮੁਖ ਪਲਾਟ ਤੇ ਅਧੀਨ ਪਲਾਟਾਂ ਦੇ ਢੁਕਵੇਂ ਜੋੜ-ਮੇਲ ਦਾ ਤਾਂ ਆਪ ਨੂੰ ਉਸਤਾਦ ਮੰਨਿਆ ਗਿਆ ਹੈ ।

ਆਪ ਪਹਿਲੇ ਨਾਵਲ ਕਾਰ ਹੋ, ਜਿਨ੍ਹਾਂ ਪਾਤਰ-ਉਸਾਰੀ ਕਰਨ ਸਮੇਂ ਮਨੁੱਖ ਨੂੰ ਮਨੁੱਖੀ ਪੱਧਰ ਤੇ ਰੱਖ ਕੇ ਉਲੀਕਿਆ ਹੈ । ਇਸ ਅਧਾਰ ਤੇ ਆਪ ਨੂੰ ਪੰਜਾਬੀ ਦੇ ਹੁਨਰੀ ਨਾਵਲ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਜਨਮ ਦਾਤਾ ਕਿਹਾ ਜਾ ਸਕਦਾ ਹੈ ।

ਆਪ ਦੀ ਬੋਲੀ ਪੰਛੜਾਈ ਤੋਂ ਰਹਿਤ ਹੁੰਦੀ ਹੈ। ਉਰਦੂ ਤੇ ਹਿੰਦੀ ਦੇ ਸ਼ਬਦਾਂ ਦੀ ਵਰਤੋਂ ਦੇ ਬਾਵਜੂਦ ਆਪ ਦੀ ਵਾਰਤਕ ਦਾ ਵਹਾਓ ਮੈਦਾਨੀ ਨਦੀ ਵਾਂਗ ਰਝਾਂ ਰਵੀਂ ਚਲਦਾ ਹੈ।

ਆਪ ਦਾ ਹੁਨਰ, ਹੁਨਰ ਲਈ ਨਹੀਂ, ਸ਼ਰੀਂ ਸਮਾਜ ਲਈ ਜਾਂ ਦੇਸ ਲਈ ਹੈ। ਆਪ ਦਬਿਆਂ ਲੋਕਾਂ ਦੀ ਅਵਾਜ਼ ਹੋ । ਆਪ ਨੇ ਬਾਲ-ਵਿਧਵਾਂ, ਅਛੂਤ ਜਾਤੀਆਂ, ਨਿਰਬਲ ਇਸਤਰੀਆਂ, ਮਜ਼ਦੂਰਾਂ ਤੇ ਕਾਮਿਆਂ ਅਤੇ ਗ਼ਰੀਬ ਸਾਹਿਤਕਾਰਾਂ ਦੀ ਬੜੀ ਸੁਚੱਜਤਾ ਨਾਲ ਵਕਾਲਤ ਕੀਤੀ ਹੈ । ਆਪ ਦੀ ਲੇਖਣੀ ਵਿੱਚ ਚੀਰਵੀਂ ਅਪੀਲ ਹੁੰਦੀ ਹੈ ਜੋ ਸਿੱਧੀ ਪਾਠਕਾਂ ਦੇ ਅੰਦਰ ਧਸ ਜਾਂਦੀ ਹੈ । ਆਪ ਨੂੰ ਨਿਰਸੰਦੇਹ ਪੰਜਾਬੀ ਸਾਹਿਤ ਵਿੱਚ ਉਹੀ ਥਾਂ ਪਰਾਪਤ ਹੈ ਜੋ ਡਿਕਨਜ਼ ਨੂੰ ਅੰਗਰੇਜ਼ੀ, ਬੰਕਮ ਚੰਦਰ ਨੂੰ ਬੰਗਾਲੀ, ਤੇ ਪ੍ਰੇਮ ਚੰਦਰ ਜੀ ਨੂੰ ਹਿੰਦੀ ਸਾਹਿਤ ਵਿਚ ਹਾਸਲ ਹੈ ।

ਆਪ ਪੰਜਾਬੀ ਸਾਹਿਤ ਦੇ ਚਮਕਦੇ ਸਿਤਾਰੇ ਹੋ। ਪੰਜਾਬ ਤੇ ਪੰਜਾਬੀ ਨੂੰ ਆਪ ਤੇ ਭਾਰਾ ਮਾਣ ਹੈ। ਆਪ ਦਾ ਕਾਮਯਾਬ ਜੀਵਨ ਇਸ ਗਲ ਦਾ ਪਰਤੱਖ ਸਬੂਤ ਹੈ। ਬਹੁਤੀ ਉੱਚੀ ਵਿਦਿਆ ਹਾਸਲ ਕਟਨ ਤੋਂ ਬਿਨਾਂ ਵੀ ਮਿਹਨਤੀ ਕਲਾਕਾਰ ਲਗਨ ਦੀ ਤਬਰਤਾ ਅਤੇ ਆਪਣੇ ਪਰੀਸ਼ਰਮ ਨਾਲ ਸਾਹਿਤ ਜੈਸੇ ਕੋਮਲ ਹੁਨਰ ਦੀਆਂ ਸਿਖਰਾਂ ਨੂੰ ਛੋਹ ਸਕਦਾ ਹੈ ।

ਮਹਿਕਮਾ ਪੰਜਾਬੀ ਆਪ ਦੀ ਪੰਜਾਬੀ ਸਾਹਿਤ ਦੇ ਖੇਤਰ ਵਿੱਚ ਘਾਲੀ ਘਾਲ ਸਦਕਾ ਆਪਣੀਆਂ ਦਿਲੀ ਭਾਵਨਾਵਾਂ ਸ਼ਰਧਾ ਵਜੋਂ ਪਰਗਟ ਕਰਕੇ ਸਿਰੋ-ਪਾਓ ਅਰਪਨ ਕਰਦਾ ਹੋਇਆ ਆਸ ਰਖਦਾ ਹੈ ਕਿ ਆਪ ਅਸਾਡੀ ਇਸ ਤੁੱਛ ਭੇਟਾ ਨੂੰ ਪਰਵਾਨ ਕਰੋਗੇ ।

ਡਾਇਰੈਕਟਰ
ਮਹਿਕਮਾ ਪੰਜਾਬੀ, ਪਟਿਆਲਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਨਮਾਨ ਪੱਤਰ

ਜੋ ਮਹਿਕਮਾ ਪੰਜਾਬੀ ਵਲੋਂ ੧੧ ਮਾਰਚ, ੧੯੫੧ ਨੂੰ
ਪੰਜਾਬੀ ਦਰਬਾਰ ਵਿਚ ਪਰਸਿੱਧ ਸਾਹਿਤਕਾਰ
ਸ੍ਰੀ ਦੇਵਿੰਦਰ ਸਤਿਆਰਥੀ ਜੀ ਦੀ ਸੇਵਾ
ਵਿਚ ਭੇਟਾ ਕੀਤਾ ਗਿਆ।

ਸਤਿਕਾਰ ਯੋਗ ਸ੍ਰੀ ਦੇਵਿੰਦਰ ਸਤਿਆਰਥੀ ਜੀਉ!

ਮਹਿਕਮਾ ਪੰਜਾਬੀ ਆਪ ਜੀ ਨੂੰ ਸਨਮਾਨ ਪੱਤਰ ਭੇਟ ਕਰਨ ਵਿਚ ਫ਼ਖ਼ਰ ਮਹਿਸੂਸ ਕਰ ਰਿਹਾ ਹੈ। ਆਪ ਜੀ ਨੇ ਪੰਜਾਬੀ ਲੋਕ-ਗੀਤ ਸੰਚਤ ਕਰਨ ਲਈ ਜੋ ਘਾਲ ਘਾਲੀ ਹੈ, ਉਹ ਬਿਲਕੁਲ ਲਾਸਾਨੀ ਹੈ। ਲੋਕ-ਗੀਤ ਲੋਕਾਂ ਦੀ ਸੱਚੀ ਸੁੱਚੀ ਅਵਾਜ਼ ਹਨ, ਕੌਮ ਦੀ ਇਸ ਅਮੋਲਕ ਪੂੰਜੀ ਦੀ ਸੰਭਾਲ ਵਲ ਅਜੇ ਤਕ ਧਿਆਨ ਨਹੀਂ ਸੀ ਦਿੱਤਾ ਗਿਆ। ਆਪ ਨੇ ਇਨ੍ਹਾਂ ਕੀਮਤੀ ਹੀਰਿਆਂ ਲਾਲਾਂ ਨੂੰ ਥਾਂ ਥਾਂ ਤੋਂ ਚੁਣ ਕੇ 'ਗਿਧੇ' ਤੇ ਹੋਰ ਅਜਿਹੀਆਂ ਰਚਨਾਵਾਂ ਵਿੱਚ ਗੁੰਦ ਕੇ ਪੇਸ਼ ਕੀਤਾ ਹੈ, ਜਿਸ ਲਈ ਪੰਜਾਬੀ ਸਾਹਿਤ ਆਪ ਦਾ ਰਿਣੀ ਹੈ।

ਇਹ ਜਾਣ ਕੇ ਸਾਡਾ ਸਿਰ ਹੋਰ ਵੀ ਮਾਣ ਨਾਲ ਉੱਚਾ ਹੋ ਜਾਂਦਾ ਹੈ ਕਿ ਆਪ ਨੇ ਕੇਵਲ ਪੰਜਾਬੀ ਲੋਕ ਗੀਤ ਹੀ ਸੰਚਤ ਨਹੀਂ ਕੀਤੇ ਸਗੋਂ ਹਿੰਦੁਸਤਾਨ ਭਰ ਦੇ ਸਮੂਹ ਪ੍ਰਾਂਤਾਂ ਦੇ ਗੀਤ ਇਕੱਤਰ ਕਰਕੇ ਭਾਰਤੀ ਸਾਹਿਤ ਵਿਚ ਇਕ ਭਾਰਾ ਵਾਧਾ ਕੀਤਾ ਹੈ। 'ਦੀਵੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੋਲੇ ਸਾਰੀ ਰਾਤ, ਧਰਤੀ ਗਾਓ ਹੈ ਚੰਦ ਬੋਲੇ ਆਧੀ ਰਾਤ' 'ਧੀਰੇ ਵਹੋ ਗੰਗਾ' 'ਜਯ ਲੋਕ ਗੀਤ' 'ਗਾਏ ਜਾ ਹਿੰਦੁਸਤਾਨ' ਆਦਿਕ ਉੱਚ ਕੋਟੀ ਦੀਆਂ ਰਚਨਾਵਾਂ ਵਿਚੋਂ ਆਪ ਦੀ ਮੇਹਨਤ ਸਾਫ਼ ਸਾਫ਼ ਝਲਕਦੀ ਦਿਸ਼ ਆਉਂਦੀ ਹੈ। "ਏਸ਼ੀਆ" ਜਿਹੇ ਕੌਮਾਂਤਰੀ ਪਰਸਿਧੀ ਵਾਲੇ ਅਮਰੀਕਨ ਮਾਸਕ ਪੱਤਰ ਵਿਚ ਆਪ ਦੇ ਲੇਖਾਂ ਨੇ ਜੋ ਥਾਂ ਮੱਲੀ ਹੈ, ਉਹ ਵੀ ਸਾਡੇ ਲਈ ਅਤਿਅੰਤ ਮਾਣ ਦਾ ਕਾਰਣ ਹੈ। ਆਪ ਸੱਚ ਮੁੱਚ ਇਸ ਛੇਤਰ ਵਿਚ ਪਹਿਲੇ ਮਹਾਨ ਸਹਿਤਕਾਰ ਹੋ ਜਿਨ੍ਹਾਂ ਵੱਖੋ ਵੱਖ ਚਾਲੀ ਬੋਲੀਆਂ ਵਿੱਚੋਂ ੨ ਲੱਖ ਦੇ ਲਗ ਭਗ ਲੋਕ-ਗੀਤ ਸੰਚਤ ਕੀਤੇ ਦਨ। ਇਹ ਕੰਮ ਇਕ ਵੱਡੀ ਸੰਸਥਾ ਦੇ ਕਰਨ ਜੋਗਾ ਸੀ ਜੋ ਕਿ ਆਪ ਨੇ ਖਾਨਾਬਦੋਸ਼ਾਂ ਵਾਲੀਆਂ ਕਈ ਔਕੜਾਂ ਝਾਗ ਕੇ ਇੱਕਲਿਆਂ ਹੀ ਕਰ ਵਿਖਾਇਆ ਹੈ। ਪਿੰਡ ਪਿੰਡ ਫਿਰਨਾ ਅਣ-ਜਾਣੇ ਲੋਕਾਂ ਨਾਲ ਜਾਣ ਪਛਾਣ ਪਾਉਣੀ, ਫਿਰ ਪਰੇਮ ਤੇ ਮਿਠਾਸ ਨਾਲ ਲੋਕਾਂ ਤੋਂ ਗੀਤ ਸੁਣ ਕੇ ਲਿਖਣੇ ਤੇ ਉਨ੍ਹਾਂ ਦੇ ਸ਼ਹੀ ਸ਼ਹੀ ਅਰਥਾਂ ਲਈ ਪੂਰਾ ਪੂਰਾ ਜਤਨ ਕਰਨਾ, ਇਕ ਬਹੁਤ ਕਰੜੀ ਘਾਲ ਹੈ। ਸ੍ਰੀ ਰਾਜ ਗੋਪਾਲ ਅਚਾਰੀਆ ਜੀ ਨੇ ਠੀਕ ਆਖਿਆ ਸੀ ਕਿ ਜੋ ਕਾਰਜ ਆਪ ਨੇ ਕਲਮਕੱਲੇ ਨੰਗੇ ਧੜ ਲੜ ਕੇ ਕੀਤਾ ਹੈ ਦਰ ਅਸਲ ਯੂਨੀਵਰਸਟੀਆਂ ਦਾ ਕੰਮ ਸੀ।

ਇਹੀ ਕਾਰਨ ਹੈ ਕਿ ਆਪ ਦੇ ਕੰਮ ਦੀ ਮਹਾਨਤਾ ਤੇ ਵਿਸ਼ਾਲਤਾ ਨੂੰ ਅਨੁਭਵ ਕਰਦਿਆਂ ਹੋਇਆ ਮਹਾਂ ਕਵੀ ਰਾਬਿੰਦਰਾ ਨਾਥ ਟੈਗੋਰ ਤੇ ਮਹਾਤਮਾ ਗਾਂਧੀ ਜਿਹੀਆਂ ਉਚ ਹਸਤੀਆਂ ਨੇ ਵੀ ਆਪ ਨੂੰ ਆਸ਼ੀਰਵਾਦ ਦਿੱਤੀ ਹੈ, ਧਰਤੀ ਦੇ ਬੇਟਿਆਂ ਦੀ ਆਵਾਜ਼ ਜੋ ਤੁਸਾਂ ਸਾਡੇ ਤੱਕ ਪਹੁੰਚਾਈ ਹੈ ਇਹ ਨਾ ਭੁਲਾਈ ਜਾਣ ਵਾਲੀ ਕੌਮੀ ਸੇਵਾ ਹੈ। ਪੰਜਾਬੀ ਤੇ ਹਿੰਦੁਸਤਾਨੀ ਸਾਹਿਤ ਆਪ ਦੀ ਇਸ ਘਾਲ ਨੂੰ ਸਦਾ ਮਾਣ ਨਾਲ ਯਾਦ ਕਰਦਾ ਰਹੇਗਾ। ਆਪ ਨੇ ਆਪਣੀ ਜਾਦੂਗਰ ਕਲਮ ਰਾਹੀਂ ਜਿੱਥੇ ਵਿਦਵਾਨ ਸਾਹਿਤਕਾਰਾਂ ਵਿੱਚ ਇਕ ਉਚੀ ਥਾਂ ਬਣਾ ਲਈ ਹੈ ਉਥੇ ਪ੍ਰਾਂਤ ਪ੍ਰਾਂਤ ਦੀ ਸਾਧਾਰਣ ਜਨਤਾ ਵੀ ਆਪ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸ਼ਖ਼ਸੀਅਤ ਤੋਂ ਚੰਗੀ ਤਰ੍ਹਾਂ ਜਾਣੂ ਹੈ। ਆਮ ਲੋਕ ਆਪ ਨੂੰ ਲੋਕ-ਗੀਤਾਂ ਦਾ ਦੇਵਤਾ ਸਮਝ ਕੇ ਮੰਨਤਾ ਕਰਦੇ ਹਨ। ਆਪ ਇਕ ਨਿਰਾਲੇ ਸਾਹਿਤਕਾਰ ਹੋ ਜਿਨ੍ਹਾਂ ਸਾਧਾਰਣ ਬੁੱਧੀ ਵਾਲੇ ਲੋਕਾਂ ਤੇ ਉੱਚ ਬੁੱਧੀ ਦੇ ਮਾਲਕ ਵਿਦਵਾਨਾਂ ਵਿੱਚ ਆਪਣਾ ਇਕੋ ਜਿਹਾ ਸ਼ਤਿਕਾਰ ਕਾਇਮ ਕੀਤਾ ਹੈ।

ਇਹ ਗੱਲ ਵੀ ਵਰਣਨ ਯੋਗ ਤੇ ਅਸਾਡੇ ਲਈ ਖਾਸ ਕਰਕੇ ਫ਼ਖ਼ਰ ਯੋਗ ਹੈ ਕਿ ਪਟਿਆਲਾ ਯੂਨੀਅਨ ਨੇ ਆਪ ਜਿਹੇ ਅਮੋਲਕ ਰਤਨ ਨੂੰ ਜਨਮ ਦੇ ਕੇ ਸਾਹਿੱਤ ਲਈ ਇਕ ਸੁਭਾਗਤਾ ਦਾ ਮੌਕਾ ਪੈਦਾ ਕੀਤਾ ਹੈ।

ਸਾਨੂੰ ਅਤੀ ਪ੍ਰਸੰਨਤਾ ਹੋ ਰਹੀ ਹੈ ਕਿ ਆਪ ਹਿੰਦੀ ਸਾਹਿੱਤ ਵਿੱਚ ਵੀ ਭਾਰੀ ਨਾਮਣਾ ਖਰਾਪਤ ਕਰ ਰਹੇ ਹੋ। ਪੰਜਾਬ ਤੇ ਪੰਜਾਬੀ ਮਾਤ ਭਾਸ਼ਾ ਨੂੰ ਆਪ ਤੋਂ ਬਹੁਤ ਆਸਾਂ ਹਨ। ਸਾਨੂੰ ਪੂਰਨ ਵਿਸ਼ਵਾਸ਼ ਹੈ ਕਿ ਆਪ ਆਪਣੀ ਪਿਆਰੀ ਪੰਜਾਬੀ ਸਬੰਧੀ ਫ਼ਰਜ਼ਾਂ ਨੂੰ ਪਛਾਣਦੇ ਹੋ ਤੇ ਸਦਾ ਇਸ ਦੇ ਸਾਹਿਤਕ ਭੰਡਾਰ ਵਿੱਚ ਆਪਣਾ ਪੂਰਾ ਪੂਰਾ ਹਿੱਸਾ ਪਾਂਦੇ ਰਹੋਗੇ।

ਡਾਇਰੈਕਟਰ
ਮਹਿਕਮਾ ਪੰਜਾਬੀ ਪਟਿਆਲਾ।

ਪੁਸਤਕਾਲਯ
ਗੁਰੁਕੁਲ ਕਾਂਗੜੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

'ਪ੍ਰਕਾਸ਼ ਪ੍ਰੈਸ' ਪਟਿਆਲਾ।

CC-0. In Public Domain. Gurukul Kangri Collection, Haridwar